SWITCH INSURANCE
AUTO, HOME & COMMERCIAL
Auto&Home Insurance
Commercial Vehicle Insurance
Commercial Property Insurance
Commercial General Liability (CGL)
Rental Property
Call:905-965-7474
7900 Hurontario St., Suite 308, Brampton, ON, L6Y 0P6
https://www.switchinsurance.ca

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 247 | Tuesday, December 27, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਟੋਰਾਂਟੋ ਪੀਅਰਸਨ ਏਅਰਪੋਰਟ ਉੱਤੇ ਲੰਮੀ ਉਡੀਕ ਤੋਂ ਬਾਅਦ ਵੀ ਨਹੀਂ ਲੱਭ ਰਹੇ ਲੋਕਾਂ ਨੂੰ ਆਪਣੇ ਬੈਗ



ਟੋਰਾਂਟੋ, 26 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਰਾਹੀਂ ਟਰੈਵਲ ਕਰਨ ਵਾਲੇ ਕਈ ਟਰੈਵਲਰਜ਼ ਵੱਲੋਂ ਕਈ ਦਿਨਾਂ ਦੀ ਉਡੀਕ ਤੋਂ ਬਾਅਦ ਵੀ ਆਪਣੇ ਬੈਗ ਨਾ ਮਿਲਣ ਦੀ ਸ਼ਿਕਾਇਤ ਕੀਤੀ ਜਾ ਰਹੀ ਹੈ।

ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਸੈਂਕੜੇ ਬੈਗ ਟਰਮੀਨਲ 1 ਦੇ ਵੇਟਿੰਗ ਏਰੀਆ ਵਿੱਚ ਪਏ ਨਜ਼ਰ ਆਉਂਦੇ ਹਨ। ਆਪਣਾ ਨਾਂ ਨਾ ਦੱਸਣ ਦੀ ਸ਼ਰਤ ਉੱਤੇ ਇੱਕ ਵਿਅਕਤੀ ਨੇ ਦੱਸਿਆ ਕਿ ਕ੍ਰਿਸਮਸ ਤੋਂ ਇੱਕ ਦਿਨ ਪਹਿਲਾਂ ਉਹ ਥੋੜ੍ਹੇ ਤੋਹਫੇ ਤੇ ਸਕੀ ਗੇਅਰ ਲੈ ਕੇ ਏਅਰਪੋਰਟ ਉਤਰਿਆ ਸੀ ਪਰ ਅਜੇ ਤੱਕ ਉਸ ਨੂੰ ਆਪਣਾ ਸਮਾਨ ਨਹੀਂ ਮਿਲਿਆ ਹੈ। ਉਸ ਨੇ ਆਖਿਆ ਕਿ ਬੜੀ ਮਾੜੀ ਗੱਲ ਹੈ ਕਿ ਤੁਹਾਨੂੰ ਆਪਣੀ ਕ੍ਰਿਸਮਸ ਆਪਣਾ ਸਮਾਨ ਲੱਭਦਿਆਂ ਹੋਇਆਂ ਗੁਜ਼ਾਰਨੀ ਪਵੇ, ਇਹ ਬਹੁਤ ਹੀ ਨਿਰਾਸ਼ਾਜਨਕ ਹੈ।

ਇੱਕ ਹੋਰ ਮਹਿਲਾ ਨੇ ਦੱਸਿਆ ਕਿ ਉਹ 24 ਦਸੰਬਰ ਨੂੰ ਟੋਰਾਂਟੋ ਪੀਅਰਸਨ ਏਅਰਪੋਰਟ ਉਤਰੀ ਸੀ। ਪਰ ਉਹ ਆਪਣੇ ਬੈਗ ਲੈਣ ਲਈ ਏਅਰਪੋਰਟ ਦੇ ਕਈ ਗੇੜੇ ਮਾਰ ਚੁੱਕੀ ਹੈ ਪਰ ਅਜੇ ਵੀ ਚਾਰ ਬੈਗਜ਼ ਵਿੱਚੋਂ ਸਿਰਫ ਇੱਕ ਹੀ ਲੱਭ ਸਕਿਆ ਹੈ। ਉਸ ਨੇ ਦੱਸਿਆ ਕਿ ਛੁੱਟੀਆਂ ਦਾ ਸੀਜ਼ਨ ਹੋਣ ਕਾਰਨ ਬਹੁਤਾ ਸਟਾਫ ਵੀ ਉੱਥੇ ਨਹੀਂ ਹੈ। ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਹੋਰਨਾਂ ਲੋਕਾਂ ਵੱਲੋਂ ਵੀ ਕੀਤੀਆਂ ਗਈਆਂ ਹਨ ਤੇ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਦੇ ਅਧਿਕਾਰੀਆਂ ਨੇ ਟਵਿੱਟਰ ਉੱਤੇ ਵੀ ਇਸ ਸਮੱਸਿਆ ਨੂੰ ਮੰਨਿਆ ਹੈ।

## ਦੋ ਗੱਡੀਆਂ ਦੀ ਟੱਕਰ ਵਿੱਚ 2 ਜ਼ਖ਼ਮੀ




ਬਰੈਂਪਟਨ, 26 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਇਲਾਜ ਲਈ ਟਰੌਮਾ ਸੈਂਟਰ ਲਿਜ-ਾਇਆ ਗਿਆ।

ਪੀਲ ਰੀਜਨਲ ਪੁਲਿਸ ਨੂੰ ਦੋ ਗੱਡੀਆਂ ਦੀ ਟੱਕਰ ਦੀ ਜਾਣਕਾਰੀ ਦੇ ਕੇ ਰਾਤੀਂ 7:30 ਵਜੇ ਸਿਟੀ ਦੇ ਪੂਰਬੀ ਸਿਰੇ ਉੱਤੇ ਟੌਰਬਰਮ ਰੋਡ ਤੇ ਬਾਲਮੋਰਲ ਡਰਾਈਵ ਇਲਾਕੇ ਵਿੱਚ ਸੱਦਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਦੋ ਬਾਲਗਾਂ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ ਤੇ ਇਸ ਸਬੰਧ ਵਿੱਚ ਕੋਈ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ।

ਜਾਂਚ ਲਈ ਇੰਟਰਸੈਕਸ਼ਨ ਨੂੰ ਬੰਦ ਕਰਕੇ ਰੱਖਿਆ ਜਾਵੇਗਾ ਤੇ ਪੁਲਿਸ ਮੋਟਰਿਸਟਸ ਨੂੰ ਬਦਲਵੇਂ ਰੂਟ ਅਪਨਾਉਣ ਲਈ ਆਖ ਰਹੀ ਹੈ।

## ਕੈਨੇਡਾ ਦੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿਚ ਸੜਕ ਹਾਦਸੇ ਵਿਚ ਭਾਰਤੀ ਸਿੱਖ ਨੌਜਵਾਨ ਸਮੇਤ 4 ਦੀ ਮੌਤ




ਟੋਰਾਂਟੋ, 26 ਦਸੰਬਰ (ਪੋਸਟ ਬਿਊਰੋ): ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਕ੍ਰਿਸਮਿਸ ਮੌਕੇ ਬਰਫ ਨਾਲ ਢਕੇ ਹਾਈਵੇਅ 'ਤੇ ਬੱਸ ਪਲਟ ਜਾਣ ਕਾਰਨ ਵਾਪਰੇ ਹਾਦਸੇ ਵਿੱਚ ਇੱਕ ਭਾਰਤੀ ਸਿੱਖ ਨੌਜਵਾਨ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਸੋਮਵਾਰ ਨੂੰ ਮੀਡੀਆ 'ਚ ਆਈ ਖਬਰ 'ਚ ਇਹ ਜਾਣਕਾਰੀ ਦਿੱਤੀ ਗਈ।

ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਜਾ ਰਿਹਾ ਹੈ ਕਿ ਇਸ ਘਟਨਾ ਵਿਚ 50 ਹੋਰ ਲੋਕ ਵੀ ਜਖਮੀ ਹੋਏ ਹਨ। ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਮੰਨਿਆ ਜਾ ਰਿਹਾ ਹੈ ਕਿ ਹਾਈਵੇਅ 'ਤੇ ਬਰਫਬਾਰੀ ਕਾਰਨ ਬੱਸ ਪਲਟ ਗਈ। ਹਾਲਾਂਕਿ ਹਾਦਸੇ ਦੇ ਸਹੀ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਕੈਨੇਡੀਅਨ ਅਧਿਕਾਰੀਆਂ ਨੇ ਮ੍ਰਿਤਕਾਂ ਦੀ ਪਛਾਣ ਜਾਰੀ ਨਹੀਂ ਕੀਤੀ ਹੈ। ਇਸ ਦੇ ਨਾਲ ਹੀ ਕੈਨੇਡਾ ਦੇ ਸਥਾਨਕ ਸੂਤਰਾਂ ਨੇ ਮ੍ਰਿਤਕ ਸਿੱਖ ਨੌਜਵਾਨ ਦੀ ਪਛਾਣ ਅੰਮ੍ਰਿਤਸਰ ਦੇ ਰਹਿਣ ਵਾਲੇ 41 ਸਾਲਾ ਕਰਨਜੋਤ ਸਿੰਘ ਸੋਢੀ ਵਜੋਂ ਕੀਤੀ ਹੈ।

## ਅਮਰੀਕਾ ਵਿਚ ਬਰਫੀਲੇ ਤੂਫਾਨ ਕਾਰਨ 31 ਲੋਕਾਂ ਦੀ ਮੌਤ, ਨਿਊਯਾਰਕ ਦੇ ਬਫੇਲੋ ਵਿਚ ਬੱਤੀ ਗੁਲ



ਨਿਊ ਯਾਰਕ, 26 ਦਸੰਬਰ (ਪੋਸਟ ਬਿਊਰੋ) - ਅਮਰੀਕਾ 'ਚ ਤੇਜ ਬਰਫ਼ੀਲੇ ਤੂਫਾਨ ਕਾਰਣ ਕਰੀਬ 31 ਲੋਕਾਂ ਦੀ ਮੌਤ ਹੋ ਗਈ ਹੈ। ਪੱਛਮੀ ਨਿਊਯਾਰਕ ਵਿਚ ਬਫੇਲੋ ਵਿਚ ਇੱਕ ਬਰਫੀਲੇ ਤੂਫਾਨ ਨੇ ਸ਼ਹਿਰ ਨੂੰ ਘੇਰ ਲਿਆ, ਐਮਰਜੈਂਸੀ ਸੇਵਾਵਾਂ ਉੱਚ ਪ੍ਰਭਾਵ ਵਾਲੇ ਖੇਤਰਾਂ ਤੱਕ ਪਹੁੰਚਣ ਵਿੱਚ ਅਸਮਰੱਥ ਹਨ। ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ, ਜੋ ਕਿ ਬਫੇਲੋ ਦੀ ਮੂਲ ਨਿਵਾਸੀ ਹੈ, ਨੇ ਐਤਵਾਰ ਸਾਮ ਨੂੰ ਪੱਤਰਕਾਰਾਂ ਨੂੰ ਕਿਹਾ ਕਿ "ਇਹ ਯੁੱਧ ਖੇਤਰ ਵਿਚ ਜਾਣ ਵਰਗਾ ਹੈ।" ਤੁਹਾਨੂੰ ਘਰਾਂ ਅੰਦਰ ਰਹਿਣ ਦੀ ਚੇਤਾਵਨੀ ਦਿੱਤੀ ਜਾਂਦੀ ਹੈ। ਕਈ ਪੂਰਬੀ ਰਾਜਾਂ ਵਿਚ ਕ੍ਰਿਸਮਸ ਦੀ ਸਵੇਰ ਨੂੰ 2 ਲੱਖ ਤੋਂ ਵੱਧ ਲੋਕ ਬਿਜਲੀ ਤੋਂ ਬਿਨਾਂ ਰਹੇ। ਕਈ ਲੋਕਾਂ ਨੇ ਆਪਣੀ ਛੁੱਟੀਆਂ ਦੀ ਯਾਤਰਾ ਲਈ ਯੋਜਨਾਵਾਂ ਬਣਾਈਆਂ, ਜੋ ਤੂਫਾਨ ਕਾਰਨ ਪੂਰੀ ਨਹੀਂ ਹੋ ਸਕੀਆਂ। ਅਧਿਕਾਰੀਆਂ ਨੇ ਬਰਫ ਨਾਲ ਪ੍ਰਭਾਵਿਤ ਬਫੇਲੋ ਖੇਤਰ ਵਿਚ ਇਤਿਹਾਸਕ ਤੌਰ 'ਤੇ ਖਤਰਨਾਕ ਸਥਿਤੀਆਂ ਦਾ ਵਰਣਨ ਕੀਤਾ ਹੈ। ਐਮਰਜੈਂਸੀ ਕਰਮਚਾਰੀਆਂ ਨੇ ਵਾਹਨਾਂ ਅਤੇ ਬਰਫ ਦੇ ਹੇਠਾਂ ਲਾਸ਼ਾਂ ਨੂੰ ਲੱਭਣ ਵਿਚ ਕਈ ਘੰਟੇ ਬਿਤਾਏ।

ਬਫੇਲੋ ਵਿੱਚ ਕੈਨੇਡੀਅਨ ਸਰਹੱਦ ਦੇ ਪਾਰ ਇਕ ਜੋੜੇ ਨੇ ਸਨੀਵਾਰ ਨੂੰ ਦੱਸਿਆ ਕਿ ਸੜਕਾਂ ਪੂਰੀ ਤਰ੍ਹਾਂ ਅਯੋਗ ਹੋਣ ਕਾਰਨ ਉਹ ਕ੍ਰਿਸਮਸ ਲਈ ਆਪਣੇ ਪਰਿਵਾਰ ਨੂੰ ਦੇਖਣ ਲਈ 10 ਮਿੰਟ ਦੀ ਡਰਾਈਵ ਨਹੀਂ ਕਰ ਸਕਣਗੇ। ਕਾਊਂਟੀ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਬਿਜਲੀ ਦੇ ਸਬਸਟੇਸ਼ਨਾਂ ਦੇ ਜੰਮ ਜਾਣ ਕਾਰਨ ਮੰਗਲਵਾਰ ਤੱਕ ਬਿਜਲੀ ਬਹਾਲ ਹੋਣ ਦੀ ਉਮੀਦ ਨਹੀਂ ਸੀ। ਇਕ ਸਬ ਸਟੇਸਨ 18 ਫੁੱਟ ਬਰਫ ਹੇਠਾਂ ਦੱਬਿਆ ਹੋਇਆ ਹੈ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HOME APPLIANCES STORE
ANNIVERSARY SPECIAL DEAL
UPGRADE LAUNDRY IN JUST $99*
PRICE $5199* NO TAX
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਟੀ.ਪੀ.ਏ.ਆਰ. ਕਲੱਬ ਨੇ ਸਲਾਨਾ ਡਿਨਰ ਸਮਾਗ਼ਮ 'ਚ ਕਈ ਰਾਜਨੀਤਕ ਤੇ ਸਮਾਜਿਕ ਸ਼ਖ਼ਸੀਅਤਾਂ ਨੂੰ ਕੀਤਾ ਸਨਮਾਨਿਤ

## ਸਨਮਾਨਿਤ ਹੋਣ ਵਾਲਿਆਂ ਵਿਚ ਐੱਮ.ਪੀ., ਐੱਮ.ਪੀ.ਪੀ., ਡਿਪਟੀ ਮੇਅਰ, ਰੀਜਨਲ ਕੌਂਸਲਰ, ਸੀਨੀਅਰਜ਼ ਕਲੱਬਾਂ ਦੀ ਸੰਸਥਾ ਦੇ ਪ੍ਰਧਾਨ ਤੇ ਪੱਤਰਕਾਰ ਸ਼ਾਮਲ




ਬਰੈਂਪਟਨ, (ਡਾ. ਝੰਡ) – ਲੰਘੇ ਬੁੱਧਵਾਰ 21 ਦਸੰਬਰ ਨੂੰ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ ਵੱਲੋਂ 'ਜੀ.ਟੀ.ਐੱਮ.' ਦੇ ਹਾਲ ਵਿਚ ਕ੍ਰਿਸਮਸ ਅਤੇ ਨਵੇਂ ਸਾਲ ਨੂੰ 'ਜੀ-ਆਇਆਂ' ਕਹਿਣ ਲਈ ਕਰਵਾਏ ਗਏ ਪ੍ਰਭਾਵਸ਼ਾਲੀ ਸਮਾਗ਼ਮ ਵਿੱਚ ਬਰੈਂਪਟਨ ਦੀਆਂ ਕਈ ਰਾਜਨੀਤਿਕ ਤੇ ਸਮਾਜਿਕ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਟੀ.ਪੀ.ਏ.ਆਰ. ਕਲੱਬ ਦਾ ਇਹ ਸਲਾਨਾ ਡਿਨਰ ਸਮਾਗ਼ਮ ਸ਼ਾਮ ਦੇ ਛੇ ਵਜੇ ਆਰੰਭ ਹੋਇਆ। ਇਸ ਦੇ ਮੈਂਬਰਾਂ ਤੇ ਸਪਾਂਸਰਾਂ ਦੇ ਆਉਣ ਨਾਲ ਸਾਢੇ ਛੇ ਵਜੇ ਤੱਕ ਹਾਲ ਵਿੱਚ ਪੂਰੀ ਰੌਣਕ ਹੋ ਗਈ। ਸਮਾਗ਼ਮ ਵਿੱਚ ਸਨਮਾਨਿਤ ਹੋਣ ਵਾਲੀਆਂ ਰਾਜਨੀਤਕ ਅਤੇ ਸਮਾਜਿਕ ਸ਼ਖ਼ਸ਼ੀਅਤਾਂ ਦੀ ਆਮਦ ਸੱਤ ਕੁ ਵਜੇ ਹੀ ਸ਼ੁਰੂ ਹੋਈ।

ਸਮਾਗ਼ਮ ਵਿੱਚ ਸੱਭ ਤੋਂ ਪਹਿਲਾਂ ਬਰੈਂਪਟਨ ਈਸਟ ਦੇ ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ ਪਧਾਰੇ ਜਿਨ੍ਹਾਂ ਨੂੰ ਜੀ.ਟੀ.ਐੱਮ. ਦੇ ਮੁੱਖ-ਸੰਚਾਲਕ ਬਲਜਿੰਦਰ ਲੇਲਣਾ ਅਤੇ ਉੱਪ-ਸੰਚਾਲਕ ਸੁਭਾਸ਼ ਸ਼ਰਮਾ ਵੱਲੋਂ ਟੀ.ਪੀ.ਏ.ਆਰ. ਕਲੱਬ ਦੇ ਸ਼ਾਨਦਾਰ ਸਰਟੀਫ਼ੀਕੇਟ ਨਾਲ ਸਨਮਾਨਿਤ ਕੀਤਾ ਗਿਆ। ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਨੂੰ ਐੱਮ.ਪੀ. ਮਨਿੰਦਰ ਸਿੱਧੂ ਅਤੇ ਟੀ.ਪੀ.ਏ.ਆਰ ਕਲੱਬ ਦੇ ਪ੍ਰਧਾਨ ਹਰਭਜਨ ਸਿੰਘ ਗਿੱਲ ਨੇ ਸਨਮਾਨਿਤ ਕੀਤਾ। ਬਰੈਂਪਟਨ ਈਸਟ ਤੋਂ ਐੱਮ.ਪੀ.ਪੀ. ਹਰਦੀਪ ਸਿੰਘ ਗਰੇਵਾਲ ਨੂੰ ਬਲਜਿੰਦਰ ਲੇਲਣਾ ਅਤੇ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਸਾਂਝੇ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ, ਰੀਜਨਲ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਅਤੇ ਸਕੂਲ-ਟਰੱਸਟੀ ਸਤਪਾਲ ਸਿੰਘ ਜੌਹਲ ਨੇ ਇਕੱਠਿਆਂ ਹੀ ਸਮਾਗ਼ਮ ਵਿਚ ਸ਼ਿਰਕਤ ਕੀਤੀ, ਜਿਨ੍ਹਾਂ ਨੂੰ ਕ੍ਰਮਵਾਰ ਕਲੱਬ ਦੇ ਮਾਣਯੋਗ ਸਪਾਂਸਰਾਂ ਭਜਨ ਸਿੰਘ ਥਿੰਦ, ਕੁਲਵੰਤ ਸਿੰਘ ਥਾਲੀਵਾਲ ਅਤੇ ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਇੰਜੀ. ਈਸ਼ਰ ਸਿੰਘ ਵੱਲੋਂ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਸਕੱਤਰ ਡਾ. ਜੈ ਪਾਲ ਸਿੱਧੂ ਦੇ ਸਹਿਯੋਗ ਨਾਲ ਸਨਮਾਨਿਤ ਕੀਤਾ ਗਿਆ। 'ਕੈਨੇਡੀਅਨ ਪੰਜਾਬੀ ਪੋਸਟ' ਦੇ ਮੁੱਖ-ਸੰਚਾਲਕ ਜਗਦੀਸ਼ ਸਿੰਘ ਗਰੇਵਾਲ ਨੂੰ ਕਲੱਬ ਦੇ ਉੱਪ-ਪ੍ਰਧਾਨ ਪਰਮਿੰਦਰ ਸਿਘ ਗਿੱਲ ਅਤੇ ਇਨ੍ਹਾਂ ਸਤਰਾਂ ਦੇ ਲੇਖਕ ਡਾ. ਸੁਖਦੇਵ ਸਿੰਘ ਝੰਡ ਨੂੰ ਕਲੱਬ ਦੇ ਸਪਾਂਸਰ ਗੈਰੀ ਗਰੇਵਾਲ, ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਅਤੇ ਸਕੱਤਰ ਡਾ. ਜੈ ਪਾਲ ਸਿੱਧੂ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਐੱਮ.ਪੀ., ਐੱਮ.ਪੀ.ਪੀ., ਸਿਟੀ ਕੌਸਲ ਦੇ ਡਿਪਟੀ ਮੇਅਰ ਤੇ ਰੀਜਨਲ ਕੌਂਸਲਰ ਵੱਲੋਂ ਆ ਰਹੇ ਕ੍ਰਿਸਮਸ ਦੇ ਤਿਓਹਾਰ ਤੇ ਨਵੇਂ ਸਾਲ ਦੀਆਂ ਵਧਾਈਆਂ ਸਾਂਝੀਆਂ ਕਰਦਿਆਂ ਹੋਇਆਂ ਜਿੱਥੇ ਆਪੋ ਆਪਣੀਆਂ ਸਰਕਾਰਾਂ ਵੱਲੋਂ ਕੀਤੇ ਜਾ ਰਹੇ ਬਰੈਂਪਟਨ-ਵਾਸੀਆਂ ਲਈ ਲੋਕ-ਭਲਾਈ ਕਾਰਜਾਂ ਦਾ ਬਾਖ਼ੂਬੀ ਵਰਨਣ ਕੀਤਾ ਗਿਆ, ਉੱਥੇ ਸਕੂਲ-ਟਰੱਸਟੀ ਸਤਪਾਲ ਜੌਹਲ ਜੋ ਸਕੂਲਾਂ ਦੇ ਅਧਿਆਪਕਾਂ ਅਤੇ ਮਾਪਿਆਂ ਵਿਚਕਾਰ 'ਪੁਲ਼' ਦਾ ਕੰਮ ਕਰ ਰਹੇ ਹਨ, ਨੇ ਆਪਣੇ ਸੰਬੋਧਨ ਵਿੱਚ ਮਾਪਿਆਂ ਤੇ ਅਧਿਆਪਕਾਂ ਵਿਚਕਾਰ ਤਾਲਮੇਲ ਨੂੰ ਵਧਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਕੂਲ ਜਾਣ ਸਮੇਂ ਕੈਸ਼ ਜਾਂ ਕਰੈਡਿਟ ਕਾਰਡ ਬਿਲਕੁਲ ਨਹੀਂ ਦੇਣੇ ਚਾਹੀਦੇ, ਕਿਉਂਕਿ ਸਕੂਲ ਨੂੰ ਲੋੜੀਂਦੀ ਅਦਾਇਗੀ ਕੇਵਲ 'ਆਨ-ਲਾਈਨ' ਹੀ ਕਰਨੀ ਹੁੰਦੀ ਹੈ। ਜੇਕਰ ਅਸੀਂ ਬੱਚਿਆਂ ਨੂੰ ਕੈਸ਼ ਜਾਂ ਕਰੈਡਿਟ ਕਰਡ ਦਿੰਦੇ ਹਾਂ ਤਾਂ ਇਸ ਨਾਲ ਵਿਦਿਆਰਥੀਆਂ ਦੀਆਂ ਆਦਤਾਂ ਵਿਗੜਦੀਆਂ ਹਨ ਅਤੇ ਉਨ੍ਹਾਂ ਵਿਚ ਨਸ਼ਿਆਂ ਦਾ ਰੁਝਾਨ ਪੈਦਾ ਹੋ ਸਕਦਾ ਹੈ। ਇਸ ਦੌਰਾਨ ਗੀਤਾਂ, ਗ਼ਜ਼ਲਾਂ, ਹਾਸੇ-ਮਜ਼ਾਕ ਭਰੇ ਚੁਟਕਲਿਆਂ ਅਤੇ ਖਾਣ-ਪੀਣ ਦਾ ਸਿਲਸਲਾ ਵੀ ਖ਼ੂਬ ਚੱਲਦਾ ਰਿਹਾ। ਸਮਾਗ਼ਮ ਦੇ ਅਖੀਰ ਵਿੱਚ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਆਏ ਮਹਿਮਾਨਾਂ, ਸਪਾਂਸਰਾਂ ਅਤੇ ਕਲੱਬ ਦੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਇਹ ਟੀ.ਪੀ.ਏ.ਆਰ. ਕਲੱਬ ਬਰੈਂਪਟਨ ਵਿੱਚ ਸਿਹਤ ਸਬੰਧੀ ਜਾਗਰੂਕਤਾ ਫ਼ੈਲਾਉਣ ਦਾ ਸ਼ੁਭ-ਕਾਰਜ ਪਿਛਲੇ ਦਸ ਸਾਲ ਤੋਂ ਅਮਲੀ ਤੌਰ 'ਤੇ ਬਾਖ਼ੂਬੀ ਕਰਦੀ ਆ ਰਹੀ ਹੈ। ਇਸ ਦੇ ਮੈਂਬਰ ਹਰ ਹਰ ਹਫ਼ਤੇ ਕਿਸੇ ਨਾ ਕਿਸੇ ਟਰੇਲ 'ਤੇ ਜਾ ਕੇ ਲੰਮੀ ਦੌੜ ਲਗਾਉਂਦੇ ਹਨ/ਤੇਜ਼ ਪੈਦਲ ਤੁਰਦੇ ਹਨ ਅਤੇ ਸਾਈਕਲਿੰਗ ਵੀ ਕਰਦੇ ਹਨ। ਉਹ ਜੀ.ਟੀ.ਏ. ਦੇ ਵੱਖ-ਵੱਖ ਸ਼ਹਿਰਾਂ ਵਿਚ ਹੋਣ ਵਾਲੇ ਮੈਰਾਥਨ/ਹਾਫ਼-ਮੈਰਾਥਨ/10 ਕਿਲੋਮੀਟਰ ਦੌੜ ਮੁਕਾਬਲਿਆਂ ਵਿਚ ਭਾਗ ਲੈਂਦੇ ਹਨ ਅਤੇ ਟੋਰਾਂਟੋ ਦੇ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਦਿਲਚਸਪ ਈਵੈਂਟ ਵਿੱਚ ਵੀ ਹਿੱਸਾ ਲੈਂਦੇ ਹਨ। ਇਹ ਵੱਖਰੀ ਗੱਲ ਹੈ ਕਿ ਕਰੋਨਾ ਮਹਾਂਮਾਰੀ ਦੇ ਫ਼ੈਲਣ ਕਾਰਨ ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਦਾ ਈਵੈਂਟ ਪਿਛਲੇ ਤਿੰਨ ਸਾਲ ਮੁਲਤਵੀ ਰਿਹਾ ਹੈ। ਅਗਲੇ ਸਾਲ 2023 ਵਿਚ ਹੋਣ ਵਾਲੇ ਇਸ ਈਵੈਂਟ ਅਤੇ ਮੈਰਾਥਨ ਦੌੜਾਂ ਵਿਚ ਕਲੱਬ ਦੇ ਮੈਂਬਰਾਂ ਵੱਲੋਂ ਪਹਿਲਾਂ ਵਾਂਗ ਉਤਸ਼ਾਹ ਪੂਰਵਕ ਭਾਗ ਲਿਆ ਜਾਏਗਾ।

## ਅੱਜ ਨਾਮਾ

ਸੱਭਿਅਕ ਲੋਕਾਂ ਦਾ ਦੇਸ਼ ਫਰਾਂਸ ਕਹਿੰਦੇ,
ਹੋ ਗਈ ਹਾਲਤ ਖਰਾਬ ਆ ਬੜੀ ਮੀਆਂ।
ਗੋਲੀਆਂ ਚੱਲਣ ਦੇ ਕਾਂਡ ਹਨ ਹੋਣ ਲੱਗੇ,
ਅੱਠ-ਨੌਂ ਸਾਲਾਂ ਤੋਂ ਚੱਲਦੀ ਲੜੀ ਮੀਆਂ।
ਘਰੋਂ ਵੀ ਨਿਕਲਦੇ ਲੋਕ ਆ ਡਰੀ ਜਾਂਦੇ,
ਹੋਣੀ ਰਸਤੇ ਵਿੱਚ ਹੋਵੇ ਨਾ ਖੜੀ ਮੀਆਂ।
ਟੋਲੇ ਵਧੀ ਜਾਣ ਦਿਨੋ-ਦਿਨ ਕਾਤਲਾਂ ਦੇ,
ਬੇਸ਼ੱਕ ਪੁਲਸ ਵੀ ਜਾਂਦੀ ਹੈ ਫੜੀ ਮੀਆਂ।
ਹੁੰਦਾ ਸਾਂਭ ਨਹੀਂ ਮੁਲਕ ਫਰਾਂਸ ਵਰਗਾ,
ਕਰਨੀ ਪਾਕਿ ਦੀ ਕਿਸੇ ਕੀ ਗੱਲ ਮੀਆਂ।
ਵਗਦਾ ਖ਼ੂਨ ਪਿਆ ਸਾਰੇ ਸੰਸਾਰ ਅੰਦਰ,
ਜਨਤਾ ਕਹਿਰ ਹੀ ਰਹੀ ਹੈ ਝੱਲ ਮੀਆਂ।

**ਤੀਸ ਮਾਰ ਖਾਂ**

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ –
ਤੁਹਾਡੀ ਭਾਸ਼ਾ ਬੋਲਦੇ – Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਜਾਂਦਾ ਸਾਲ ਬਹੁਤੀ ਸੁੱਖ ਨਹੀਂ ਦੇ ਕੇ ਗਿਆ, ਅਗਲੇ ਸਾਲ ਤੋਂ ਉਮੀਦਾਂ ਫਿਰ ਵੀ ਰੱਖਣੀਆਂ ਪੈਣਗੀਆਂ

ਜਤਿੰਦਰ ਪਨੂੰ ਦੀ ਕਲਮ ਤੋਂ



ਚਲੰਤ ਸਾਲ ਦੀ ਇਸ ਆਖਰੀ ਲਿਖਤ ਨੂੰ ਲਿਖਣ ਵੇਲੇ ਮਨ ਵਿੱਚ ਇਹ ਸਵਾਲ ਉੱਠਿਆ ਕਿ ਹਰ ਵਾਰੀ ਦੁਨੀਆ ਭਰ ਦੇ ਲੋਕ ਨਵੇਂ ਸਾਲ ਵਿੱਚ ਨੇਕੀ ਦੀ ਕਾਮਨਾ ਕਰਦੇ ਹਨ, ਬੀਤੇ ਸਾਲ ਵਿੱਚ ਹਾਲ ਕਿੱਦਾਂ ਦਾ ਰਿਹਾ ਹੈ! ਬਹੁਤ ਕੋਸ਼ਿਸ਼ ਕਰ ਕੇ ਮੈਂ ਜਿਹੜੀਆਂ ਘਟਨਾਵਾਂ ਨੂੰ ਜ਼ਿਕਰ ਯੋਗ ਸਮਝਿਆ, ਉਹ ਚੰਗੀਆਂ ਕਹੀਆਂ ਜਾ ਸਕਦੀਆਂ ਹੋਣ ਜਾਂ ਨਾਂ, ਮੰਨਣ ਜਾਂ ਨਾ ਮੰਨਣ ਦਾ ਹੱਕ ਹਰ ਪਾਠਕਲਈ ਰਾਖਵਾਂ ਛੱਡਿਆ ਜਾ ਸਕਦਾ ਹੈ। ਮੈਨੂੰ ਉਨ੍ਹਾਂ ਘਟਨਾਵਾਂ ਵਿੱਚੋਂ ਪੰਜਾਬ ਦੇ ਲੋਕਾਂ ਦਾ ਚੋਣ ਫਤਵਾ ਸਾਡੇ ਲਈ ਇਸ ਸਾਲ ਦੀ ਸਭ ਤੋਂ ਵੱਡੀ ਖਬਰ ਲੱਗਾ ਹੈ, ਜਿਸ ਵਿੱਚ ਰਿਵਾਇਤੀ ਧਿਰਾਂ ਨੂੰ ਖੂੰਜੇ ਧੱਕ ਕੇ ਰਾਜਸੀ ਦ੍ਰਿਸ਼ ਮੁੱਢੋਂ ਬਦਲਣ ਵਾਂਗ ਆਮ ਆਦਮੀ ਪਾਰਟੀ ਨੇ ਏਨੀਆਂ ਵਿਧਾਨ ਸਭਾ ਸੀਟਾਂ ਜਿੱਤ ਲਈਆਂ, ਜਿੰਨੀਆਂ ਅਜੋਕੇ ਪੰਜਾਬ ਵਿੱਚ ਕਦੇ ਵੀ ਕਿਸੇ ਪਾਰਟੀ ਨੂੰ ਨਹੀਂ ਮਿਲੀਆਂ।ਲੋਕਾਂ ਨੇ ਇੱਕ ਆਸ ਨਾਲ ਇਹ ਫਤਵਾ ਦਿੱਤਾ ਸੀ, ਪਰ ਜਿਹੜੇ ਹਾਲਾਤ ਦਾ ਸਾਹਮਣਾ ਇਸ ਸਰਕਾਰ ਨੂੰ ਕਰਨਾ ਪਿਆ ਅਤੇ ਪੈ ਰਿਹਾ ਹੈ, ਉਹ ਨਾ ਇਸ ਪਾਰਟੀ ਦੇ ਆਗੂਆਂ ਨੇ ਕਦੇ ਚਿਤਵਿਆ ਸੀ ਅਤੇ ਨਾ ਆਮ ਲੋਕਾਂ ਨੇ ਕਿਆਸ ਕੀਤਾ ਸੀ। ਅਸੀਂ ਵੀਹ-ਬਾਈ ਸਾਲ ਪਹਿਲਾਂ ਇਹ ਲਿਖਿਆ ਸੀ ਕਿ ਪੰਜਾਬ ਦੇ ਰਾਜਸੀ ਆਗੂਆਂ ਦੀ ਕੋਸ਼ਿਸ਼ ਹੈ ਕਿ ਭ੍ਰਿਸ਼ਟਾਚਾਰ ਨੂੰ ਇਸ ਤਰ੍ਹਾਂ ਘਰ-ਘਰ ਪੁਚਾ ਦਿੱਤਾ ਜਾਵੇ ਕਿ ਲੋਕ ਇਹ ਸੋਚਲੈਣ ਕਿ ਬਚਿਆ ਹੀ ਕੋਈ ਨਹੀਂ, ਇਸ ਲਈਭ੍ਰਿਸ਼ਟਾਚਾਰ ਦੇ ਖਾਤਮੇ ਬਾਰੇ ਸੋਚਣਾ ਛੱਡ ਦੇਣ। ਭ੍ਰਿਸ਼ਟਾਚਾਰ ਜਦੋਂ ਹਰ ਘਰ ਤੱਕ ਪਹੁੰਚ ਜਾਂਦਾ ਹੈ, ਬਿਜਲੀ ਦੀ ਦੋ-ਚਾਰ ਸੌ ਰੁਪਏ ਦੀ ਚੋਰੀ ਕਰਨ ਵਾਲਾ ਵੀ ਆਵਾਜ਼ ਨਹੀਂ ਉਠਾ ਸਕਦਾ, ਉਸ ਨੂੰ ਆਪਣੀ ਦੋ-ਚਾਰ ਸੌ ਰੁਪਏ ਦੀ ਚੋਰੀ ਦਾ ਮਿਹਣਾ ਵੱਜਣ ਦਾ ਖਦਸ਼ਾ ਰਾਜ ਕਰਨ ਵਾਲਿਆਂ ਦੀ ਦੋ-ਚਾਰ ਹਜ਼ਾਰ ਕਰੋੜ ਦੀ ਚੋਰੀ ਬਾਰੇ ਚੁੱਪ ਵੱਟ ਜਾਣ ਲਈ ਮਜਬੂਰ ਕਰ ਦਿੰਦਾ ਹੈ। ਆਖਰ ਨੂੰ ਹੋਇਆ ਵੀ ਇਹੋ ਹੈ।

ਪੰਜਾਬ ਦੀ ਇਸ ਸਾਲ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਲੱਖ ਦਾਅਵੇ ਕਰਦੀ ਰਹੇ ਕਿ ਉਹ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰ ਦੇਵੇਗੀ, ਇਹ ਕੰਮ ਕਦੇ ਨਹੀਂ ਹੋਣਾ। ਬਿਜਲੀ ਮੁਫਤ ਸਣੇ ਬਹੁਤ ਸਾਰੇ ਮਾਮਲਿਆਂ ਵਿੱਚ ਲੋਕਾਂ ਨੂੰ ਛੋਟਾਂ ਤੇ ਸਹੂਲਤਾਂ ਦੇ ਵਾਅਦੇ ਨਾਲ ਸਰਕਾਰ ਬਣੀ ਹੈ, ਅੱਜ ਉਹ ਕੀਤੇ ਗਏ ਵਾਅਦੇ ਪੂਰੇ ਵੀ ਕਰ ਲਵੇ ਤਾਂ ਜਿਸ ਕਿਸੇ ਮਾਮਲੇ ਵਿੱਚ ਭ੍ਰਿਸ਼ਟਾਚਾਰ ਦਾ ਵਹਿਣ ਬੰਦ ਕੀਤਾ, ਗਲਤ ਲਾਭ ਲੈਣ ਵਾਲੇ ਇਸ ਦੇ ਖਿਲਾਫ ਏਨੀ ਵੱਡੀ ਗਿਣਤੀ ਵਿੱਚ ਹੋ ਜਾਣਗੇ ਅਤੇ ਹੋ ਰਹੇ ਹਨ ਕਿ ਸਰਕਾਰ ਨੂੰ ਸੰਭਲਣਾ ਔਖਾ ਹੋ ਜਾਂਦਾ ਹੈ। ਇੱਕ ਅੰਦਾਜ਼ੇ ਮੁਤਾਬਕਜਾਅਲੀ ਪੈਨਸ਼ਨਾਂ ਪੰਜਾਬ ਵਿੱਚ ਪੰਜਾਹ ਹਜ਼ਾਰ ਤੋਂ ਵੱਧ ਹਨ, ਜਦੋਂ ਇਨ੍ਹਾਂ ਨੂੰ ਬੰਦ ਕੀਤਾ ਤਾਂ ਇਨ੍ਹਾਂ ਪੰਜਾਹ ਹਜ਼ਾਰ ਦੇ ਨਾਲ ਪਰਵਾਰਾਂ ਦੇ ਲੋਕ ਜੋੜ ਕੇ ਦੋ ਲੱਖ ਤੋਂ ਵੱਧ ਲੋਕ ਨਾਰਾਜ਼ ਹੋ ਜਾਣਗੇ। ਕੇਂਦਰ ਸਰਕਾਰ ਦੇ ਅੰਦਾਜ਼ੇ ਮੁਤਾਬਕਪੰਜਾਬ ਵਿੱਚਸੱਤ ਲੱਖ ਪੀਲੇ ਅਤੇ ਨੀਲੇ ਜਾਅਲੀ ਕਾਰਡ ਬਣਾ ਕੇ ਗਰੀਬਾਂ ਵਾਲਾ ਸਸਤਾ ਅਨਾਜ ਲਿਆ ਜਾਂਦਾ ਹੈ, ਲਗਜ਼ਰੀ ਕਾਰਾਂ ਉੱਤੇ ਸਸਤਾ ਰਾਸ਼ਣ ਲੈਣ ਵਾਲੇ ਆਉਂਦੇ ਵੇਖੇ ਜਾ ਚੁੱਕੇ ਹਨ, ਜਿਸ ਦਿਨ ਸਰਕਾਰ ਨੂੰ ਇਹ ਬੰਦ ਕਰਨੇ ਪਏ, ਬਿਜਲੀ ਖਪਤ ਦੇ ਤਿੰਨ ਸੌ ਯੂਨਿਟ ਮੁਆਫ ਕੀਤੇ ਕਿਸੇ ਨੂੰ ਯਾਦ ਨਹੀਂ ਆਉਣੇ, ਗਲਤ ਪੀਲੇ-ਨੀਲੇ ਕਾਰਡਾਂ ਨਾਲ ਮਿਲਦਾ ਅਨਾਜ ਬੰਦ ਹੋਣ ਦੀ ਪੀੜ ਨੇ ਤੀਹ ਲੱਖ ਦੇ ਕਰੀਬ ਲੋਕ ਦੁਖੀ ਕਰ ਦੇਣੇ ਹਨ। ਇਸ ਤਰ੍ਹਾਂ ਦੀਆਂ ਝੂਠੇ ਤੰਦ ਨਾਲ ਬੱਝੀਆਂ ਹੋਰ ਵੀ ਕਈ ਮੱਦਾਂ ਗਿਣਾਈਆਂ ਜਾ ਸਕਦੀਆਂ ਹਨ, ਜਿਨ੍ਹਾਂ ਦੇ ਖਿਲਾਫ ਕਾਰਵਾਈ ਸਰਕਾਰ ਨੂੰ ਮਹਿੰਗੀ ਪੈ ਸਕਦੀ ਹੈ।ਮੈਂ ਜਲੰਧਰ ਦਾ ਇੱਕ ਬਾਜ਼ਾਰ ਇਹੋ ਜਿਹਾ ਨਿੱਤ ਦਿਨ ਵੇਖਦਾ ਹਾਂ, ਜਿਸ ਦੀ ਚੌੜਾਈ ਪੰਜਾਬ ਫੁੱਟ ਹੈ, ਅਮਲ ਵਿੱਚ ਓਥੇ ਦਸ ਫੁੱਟ ਤੋਂ ਵੱਧ ਹੀ ਨਹੀਂ ਜਾਪਦੀ। ਦੋਵੇਂ ਪਾਸੇ ਪੰਜ-ਪੰਜ ਫੁੱਟਜਿਹੜੇ ਫੁੱਟਪਾਥ ਲਈ ਛੱਡੇ ਹੋਏ ਹਨ, ਉਨ੍ਹਾਂ ਉੱਤੇ ਨੇੜਲੇ ਦੁਕਾਨਦਾਰਾਂ ਨੇ ਇੱਕ-ਇੱਕ ਮੇਜ਼ ਰੱਖ ਕੇ ਸਾਮਾਨ ਰੱਖਿਆ ਹੈ, ਬਾਕੀ ਪੰਜਾਹ ਫੁੱਟ ਵਿੱਚੋਂ ਦਸ-ਦਸ ਫੁੱਟ ਅੱਗੇ ਵਧਵਾਂ ਡੰਡਾ ਲਾ ਕੇ ਉਸ ਨਾਲ ਸਾਮਾਨ ਲਮਕਾਇਆ ਤੇ ਉਸ ਦੇ ਬਾਅਦ ਆਪੋ-ਆਪਣੀ ਗੱਡੀ ਖੜੀ ਕੀਤੀ ਹੋਈ ਹੈ। ਜਿੰਨਾ ਥਾਂ ਬਾਕੀ ਬਚਦਾ ਹੈ, ਇੱਕ ਗ੍ਰਾਹਕ ਗੱਡੀ ਲੈ ਆਵੇ ਤਾਂ ਦੋਵੇਂ ਪਾਸੇ ਜਾਮ ਲੱਗ ਜਾਂਦਾ ਹੈ, ਪਰ ਦੁਕਾਨਦਾਰਾਂ ਨੂੰ ਕੋਈ ਇਹ ਨਹੀਂ ਕਹਿ ਸਕਦਾ ਕਿ ਦੁਕਾਨਾਂ ਦੇ ਅੱਗੇ ਪੰਦਰਾਂ-ਸੋਲਾਂ ਫੁੱਟ ਜਗ੍ਹਾ ਰੋਕ ਕੇ ਤੁਸੀਂ ਨਾਜਾਇਜ਼ ਕਬਜ਼ਾ ਨਾ ਕਰੋ। ਜਿਸ ਦਿਨ ਇਹ ਗੱਲ ਕੋਈ ਕਹੇਗਾ, ਸਾਰੇ ਦੁਕਾਨਦਾਰਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਆਪਣੇ ਖਿਲਾਫ ਕਰ ਲਵੇਗਾ। ਅਗਲੀ ਵਾਰੀ ਉਸ ਪਾਰਟੀ ਦੇ ਜਿਸ ਵੀ ਉਮੀਦਵਾਰ ਨੂੰ ਓਥੋਂ ਟਿਕਟ ਮਿਲਣੀ ਹੋਈ, ਉਹ ਕਾਰਵਾਈ ਨਹੀਂ ਹੋਣ ਦੇਵੇਗਾ। ਕਈ ਲੋਕ ਇਹ ਗੱਲ ਕਹਿੰਦੇ ਸੁਣੇ ਜਾਣ ਲੱਗ ਪਏ ਹਨ ਕਿ ਪੰਜਾਬ ਦੀ ਮੌਜੂਦਾ ਸਰਕਾਰ ਚੱਲ ਨਹੀਂ ਸਕਣੀ, ਉਹ ਠੀਕ ਕਹਿੰਦੇ ਹਨ ਜਾਂ ਗਲਤ, ਸਮਾਂ ਇਸ ਦਾ ਨਿਰਣਾ ਕਰੇਗਾ, ਪਰ ਇੱਕ ਗੱਲ ਸਾਫ ਹੈ ਕਿ ਪੰਜਾਬ ਦੇ ਲੋਕਾਂ ਨੇ ਫਤਵਾ ਧਰਤੀ ਹਲੂਣਵਾਂ ਦਿੱਤਾ ਸੀ।

ਜਦੋਂ ਅਸੀਂ ਪੰਜਾਬੋਂ ਬਾਹਰ ਵੇਖਦੇ ਹਾਂ ਤਾਂ ਇਸ ਸਾਲ ਹੋਈਆਂ ਚੋਣਾਂ ਵਿੱਚ ਹੋਰਨਾਂ ਰਾਜਾਂ ਵਿੱਚ ਆਮ ਤੌਰ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਜੇਤੂ ਮੁਹਿੰਮ ਜਾਰੀ ਰਹੀ ਜਾਪਦੀ ਹੈ, ਪਰ ਇਹ ਹਕੀਕਤ ਨਹੀਂ, ਅਸਲ ਵਿੱਚ ਭਾਜਪਾ ਨੂੰ ਇਸ ਸਾਲ ਧੱਕਾ ਲੱਗਾ ਹੈ। ਮਨੀਪੁਰ ਵਰਗੇ ਛੋਟੇ ਜਿਹੇ ਰਾਜ ਵਿੱਚ ਉਸ ਨੇ ਇੱਕ ਪਾਰਟੀ ਦਾ ਮੁੱਖ ਮੰਤਰੀ ਆਪਣੇ ਵਿੱਚ ਮਿਲਾ ਕੇ ਉਸੇ ਨੂੰ ਮੁੱਖ ਮੰਤਰੀ ਬਣਾ ਕੇ ਭਾਜਪਾ ਦੀ ਇੱਕ ਹੋਰ ਸਰਕਾਰ ਬਣਾਉਣ ਵਾਲਾ ਪ੍ਰਭਾਵ ਬਣਾਇਆ ਸੀ, ਗੁਜਰਾਤ ਵਿੱਚ ਉਹ ਅੱਗੇ ਨਾਲੋਂ ਮਜ਼ਬੂਤ ਹੋਈ ਹੈ, ਪਰ ਹਿਮਾਚਲ ਪ੍ਰਦੇਸ਼ ਵਿੱਚ ਉਸ ਦੀ ਬਹੁਤ ਬੁਰੀ ਹਾਰ ਵੀ ਇਸੇ ਸਾਲ ਵਿੱਚ ਹੋਈ ਹੈ। ਦਿੱਲੀ ਦੀਆਂ ਤਿੰਨ ਮਿਉਂਸਪਲ ਕਾਰਪੋਰੇਸ਼ਨਾਂ ਤੋੜ ਕੇ ਸਾਰੀ ਦਿੱਲੀ ਦੀ ਇੱਕ ਕਾਰਪੋਰੇਸ਼ਨ ਇਹ ਸੋਚ ਕੇ ਬਣਾਈ ਸੀ ਕਿ ਉਸ ਦਾ ਮੇਅਰ ਬਣਾਇਆ ਕੋਈ ਭਾਜਪਾ ਆਗੂ ਦਿੱਲੀ ਦੇ ਮੁੱਖ ਮੰਤਰੀ ਦੀ ਸਿਆਸੀ ਸੌਂਕਣ ਵਰਗਾ ਹੋਵੇਗਾ, ਪਰ ਦਾਅ ਉਲਟਾ ਪਿਆ ਹੈ। ਭਾਜਪਾ ਪੰਦਰਾਂ ਸਾਲਾਂ ਦਾ ਕਬਜ਼ਾ ਓਥੇ ਕਾਇਮ ਨਹੀਂ ਰੱਖ ਸਕੀ ਅਤੇ ਬੁਰੀ ਤਰ੍ਹਾਂ ਹਾਰ ਗਈ ਹੈ। ਹਿਮਾਚਲ ਪ੍ਰਦੇਸ਼ ਵਾਲੀ ਹਾਰ ਉਸ ਲਈ ਇਸ ਲਈ ਵੀ ਮਾਰੂ ਹੈ ਕਿ ਫੌਜੀਆਂ ਦੀ ਬਹੁਤ ਵੱਡੀ ਗਿਣਤੀ ਉਸ ਰਾਜ ਵਿੱਚ ਮੰਨੀ ਜਾਂਦੀ ਹੈ ਅਤੇ ਡਾਕ ਵਿੱਚ ਆਏ ਬੈਲੱਟ ਪੇਪਰਾਂ ਵਿੱਚ ਤੇਰਾਂ ਸਾਲ ਪਿੱਛੋਂ ਇਹ ਪਾਰਟੀ ਬੁਰੀ ਤਰ੍ਹਾਂ ਪਛੜ ਜਾਣ ਨਾਲ ਨਵੀਂ ਜਾਰੀ ਕੀਤੀ ਅਗਨੀਵੀਰ ਵਾਲੀ ਸਕੀਮ ਦੀ ਹਾਰ ਜਾਪਦੀ ਹੈ। ਭਾਜਪਾ ਦੇ ਆਪਣੇ ਕਈ ਲੀਡਰ ਮੰਨਦੇ ਹਨ ਕਿ ਇਸ ਸਕੀਮ ਦਾ ਮਾੜਾ ਅਸਰ ਪਿਆ ਹੈ, ਪਰ ਲੀਡਰਸ਼ਿਪ ਨਹੀਂ ਮੰਨਦੀ।

ਕਾਂਗਰਸ ਆਗੂ ਦਾਅਵਾ ਕਰ ਸਕਦੇ ਹਨ ਕਿ ਇਸ ਸਾਲ ਵਿੱਚ ਉਨ੍ਹਾਂ ਨੇ ਪੰਜਾਬ ਗੁਆਇਆ ਤਾਂ ਉਸ ਦੇ ਬਦਲੇ ਹਿਮਾਚਲ ਪ੍ਰਦੇਸ਼ ਜਿੱਤ ਕੇ ਕਸਰ ਕੱਢ ਲਈ ਹੈ, ਗੁਜਰਾਤ ਅਤੇ ਦਿੱਲੀ ਵਿੱਚ ਜਿਸ ਤਰ੍ਹਾਂ ਇਸ ਪਾਰਟੀ ਨੂੰ ਸੱਟਾਂ ਪਈਆਂ ਹਨ, ਉਨ੍ਹਾਂ ਦੇ ਕਾਰਨ ਇਨ੍ਹਾਂ ਆਗੂਆਂ ਨੂੰ ਮੁੜ ਕੇ ਆਪਣੇ ਦਾਅ-ਪੇਚਾਂ ਦੀ ਪੁਣਛਾਣ ਕਰਨ ਦੀ ਲੋੜ ਹੈ। ਅਗਲੇਰੇ ਸਾਲ ਲੋਕ ਸਭਾ ਚੋਣਾਂ ਹੋਣ ਵਾਲੀਆਂ ਹਨ ਅਤੇ ਇਹ ਪਾਰਟੀ ਉਨ੍ਹਾਂ ਚੋਣਾਂ ਦਾ ਸਾਹਮਣਾ ਕਰਨ ਲਈ ਸਿਰਫ ਰਾਹੁਲ ਗਾਂਧੀ ਦੀ ਪਦ-ਯਾਤਰਾ ਉੱਤੇ ਟੇਕ ਲਾਈ ਬੈਠੀ ਜਾਪਦੀ ਹੈ। ਰਾਹੁਲ ਕਿਸੇ ਕਾਂਗਰਸੀ ਸਰਕਾਰ ਵਾਲੇ ਰਾਜ ਵਿੱਚ ਜਾਂਦਾ ਹੈ ਤਾਂ ਭੀੜਾਂ ਜੁੜਦੀਆਂ ਵੇਖ ਕੇ ਕਾਂਗਰਸੀ ਖੁਸ਼ ਹੋ ਜਾਂਦੇ ਹਨ, ਪਰ ਜਦੋਂ ਹੋਰਨਾਂ ਪਾਰਟੀਆਂ ਦੀਆਂ ਸਰਕਾਰਾਂਦੇ ਰਾਜ ਵਿੱਚ ਜਾਂਦੇ ਹਨ ਤਾਂ ਭੀੜ ਖਾਸ ਨਹੀਂ ਹੁੰਦੀ। ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਇਹ ਯਾਤਰਾ ਬਹੁਤਾ ਫਾਇਦਾ ਕਰਨ ਵਾਲੀ ਨਹੀਂ ਬਣ ਸਕੀ। ਉਨ੍ਹਾਂ ਦੀ ਪਾਰਲੀਮੈਂਟ ਵਿੱਚ ਕਾਰਕਰਦਗੀ ਵੀ ਬਹੁਤੀ ਚੰਗੀ ਨਹੀਂ। ਬਹਿਸ ਦੌਰਾਨ ਇਸ ਪਾਰਟੀ ਦੇ ਨੇਤਾ ਆਪਸ ਵਿੱਚ ਕਦੇ ਤਾਲਮੇਲ ਵੀ ਪੂਰਾ ਨਹੀਂ ਕਰ ਸਕੇ, ਅਗਵਾਈ ਉਸ ਬੰਗਾਲੀ ਆਗੂ ਕੋਲ ਹੈ, ਜਿਸ ਦੀ ਹਿੰਦੀ ਕਮਜ਼ੋਰ ਹੋਣ ਕਾਰਨ ਆਏ ਦਿਨ ਆਪਣੇ ਕਹੇ ਸ਼ਬਦਾਂ ਨਾਲ ਫਸਿਆ ਰਹਿੰਦਾ ਹੈ। ਕਾਂਗਰਸ ਦਾ ਪਾਰਲੀਮੈਂਟ ਵਿੱਚ ਨੱਕ-ਨਮੂਜ ਬਚਦਾ ਨਜ਼ਰ ਆਉਂਦਾ ਹੈ ਤਾਂ ਪੰਜਾਬ ਦੇ ਕਾਂਗਰਸੀ ਐੱਮ ਪੀ ਵਿੱਚੋਂ ਕੁਝ ਬੁਲਾਰਿਆਂ ਕਰ ਕੇ ਬਚਿਆ ਪਿਆ ਹੈ, ਵਰਨਾ ਪਾਰਟੀ ਦਾ ਨਵਾਂ ਪ੍ਰਧਾਨ ਮਲਿਕਾਰਜੁਨ ਖੜਗੇ ਵੀ ਓਥੇ ਇਸ ਵਾਰ ਕੋਈ ਖਾਸ ਅਸਰ ਨਹੀਂ ਪਾ ਸਕਿਆ।

ਜਿਹੜੀ ਗੱਲ ਇਸ ਸਾਲ ਵਿੱਚ ਬੜੀ ਉੱਭਰ ਕੇ ਆਈ ਤੇ ਹਰ ਕਿਸੇ ਲਈ ਚਿੰਤਾ ਵਾਲੀ ਹੋਣੀ ਚਾਹੀਦੀ ਹੈ, ਉਹ ਧਰਮ ਦੇ ਨਾਂਅ ਉੱਤੇ ਜਨੂੰਨ ਦਾ ਤੇਜ਼ ਹੋਣਾ ਹੈ। ਬਹੁਤ ਸਾਰੇ ਦੇਸ਼ਾਂ ਵਿੱਚ ਇਸ ਸਾਲ ਏਦਾਂ ਦੀਆਂ ਹਰਕਤਾਂ ਹੋਈਆਂ ਹਨ, ਪਰ ਈਰਾਨ ਵਿੱਚ ਹਿਜਾਬ ਦੇ ਮਾਮੂਲੀ ਜਿਹਾ ਸਰਕ ਜਾਣ ਕਾਰਨ ਓਥੇ ਪੁਲਸ ਵੱਲੋਂ ਮਾਹਿਸਾ ਅਮੀਨੀ ਨਾਂਅ ਦੀ ਕੁੜੀ ਨੂੰ ਥਾਣੇ ਲਿਜਾ ਕੇ ਕੁੱਟ-ਕੁੱਟ ਕੇ ਮਾਰ ਦੇਣ ਦੀ ਘਟਨਾ ਨੇ ਸਾਰੇ ਸੰਸਾਰ ਨੂੰ ਝੰਜੋੜ ਦਿੱਤਾ ਹੈ। ਈਰਾਨ ਸਰਕਾਰ ਨੇ ਇਸ ਦੇ ਬਾਅਦ ਕੋਈ ਲਚਕ ਵਿਖਾਉਣ ਦੀ ਥਾਂ ਇਸ ਦਾ ਰੋਸ ਕਰਦੇ ਲੋਕਾਂ ਉੱਤੇ ਤਸ਼ੱਦਦ ਕੀਤਾ ਤਾਂ ਸੰਸਾਰ ਵਿੱਚ ਉਸ ਦੇਸ਼ ਦੀ ਹੋਰ ਬਦਨਾਮੀ ਹੋਈ ਹੈ। ਅਫਗਾਨਿਸਤਾਨ ਵਿੱਚ ਜਿਹੜਾ ਜਨੂੰਨ ਭੜਕਾਉਣ ਦੇ ਲਈ ਪਾਕਿਸਤਾਨ ਸਰਕਾਰ ਹਰ ਕਿਸਮ ਦੀ ਮਦਦ ਤਾਲਿਬਾਨ ਨੂੰ ਦੇਂਦੀ ਰਹੀ ਸੀ, ਉਹੀ ਜਨੂੰਨ ਅੱਜ ਪਾਕਿਸਤਾਨ ਵਿੱਚ ਭੜਕਦਾ ਪਿਆ ਹੈ ਤੇ ਰਾਜਨੀਤਕ ਆਗੂ ਆਪਸੀ ਭੇੜ ਵਿੱਚ ਜਨੂੰਨੀਆਂ ਦੀ ਇੱਕ ਜਾਂ ਦੂਸਰੀ ਧਿਰ ਦੀ ਮਦਦ ਮੰਗਣ ਲਈ ਉਨ੍ਹਾਂ ਦੀ ਪਸੰਦ ਦੇ ਪੈਂਤੜੇ ਲੈਣ ਲੱਗ ਪਏ ਹਨ। ਸ਼ਾਇਦ ਇਹ ਗੱਲਾਂ ਉਸ ਦੇਸ਼ ਨੂੰ ਹੌਲੀ-ਹੌਲੀ ਇੱਕ ਵਾਰੀ ਫਿਰ ਫੌਜੀ ਰਾਜ ਵੱਲ ਲਿਜਾ ਰਹੀਆਂ ਹਨ, ਓਥੋਂ ਦੇ ਆਗੂ ਇਸ ਨੂੰ ਜਾਣ ਕੇ ਵੀ ਵਹਿਣ ਵਿੱਚ ਵਗਦੇ ਜਾ ਰਹੇ ਹਨ।ਓਧਰ ਸਾਡੇ ਆਪਣੇ ਭਾਰਤ ਦੇਸ਼ ਵਿੱਚ ਵੀ ਹਰ ਧਰਮ ਨਾਲ ਜੁੜੀਆਂ ਕੱਟੜਪੰਥੀ ਤਾਕਤਾਂ ਪਹਿਲਾਂ ਨਾਲੋਂ ਵੱਧ ਜ਼ੋਰ ਨਾਲ ਹਾਲਾਤ ਦੀ ਕਮਾਨ ਸਾਂਭਣ ਲਈ ਸਰਗਰਮ ਹਨ ਅਤੇ ਲੋਕਾਂ ਵੱਲੋਂ ਚੁਣੇ ਹੋਏ ਸਿਆਸੀ ਆਗੂ ਇਕੱਲੇ ਨਹੀਂ, ਧਾਰਮਿਕ ਆਗੂ ਵੀ ਆਪਣੀ ਇੱਜ਼ਤ ਨੂੰ ਹੱਥ ਪੈਣ ਦੇ ਡਰ ਕਾਰਨ ਉਨ੍ਹਾਂ ਜਨੂੰਨੀਆਂ ਦੇ ਮੂਹਰੇ ਝੁਕਦੇ ਤੇ ਉਨ੍ਹਾਂ ਦੀ ਹਰ ਗੱਲ ਮੰਨਦੇ ਦਿਖਾਈ ਦੇਂਦੇ ਹਨ। ਇਸ ਹਾਲ ਵਿੱਚ ਨਵੇਂ ਸਾਲ ਵਿੱਚ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਵੀ ਫਿਰਕੂ ਖਤਰੇ ਉੱਭਰਨ ਦੀ ਸੰਭਾਵਨਾ ਵਧਣ ਦਾ ਡਰ ਹੈ।

ਬੀਤਿਆ ਸਾਲ ਰੂਸ ਦੀ ਯੂਕਰੇਨ ਨਾਲ ਜੰਗ ਵੀ ਲੋਕਾਂ ਸਾਹਮਣੇ ਪਰੋਸਣ ਵਾਲਾ ਸਾਬਤ ਹੋਇਆ ਹੈ। ਇਹ ਜੰਗ ਹੋਣੀ ਨਹੀਂ ਸੀ ਚਾਹੀਦੀ, ਇਸ ਦਾ ਕੋਈ ਸ਼ਾਂਤਮਈ ਹੱਲ ਕੱਢਿਆ ਜਾਣਾ ਚਾਹੀਦਾ ਸੀ, ਪਰ ਨਿਕਲ ਨਹੀਂ ਸਕਿਆ। ਇਸ ਦਾ ਪ੍ਰਮੁੱਖ ਕਾਰਨ ਅਮਰੀਕਾ ਅਤੇ ਉਸ ਦੇ ਨਾਟੋ ਗਰੁੱਪ ਵਾਲੇ ਸਾਥੀਆਂ ਵੱਲੋਂ ਯੂਕਰੇਨ ਨੂੰ ਰੂਸ ਦੇ ਮੂਹਰੇ ਖੜਾ ਕਰਨ ਤੇ ਜੰਗ ਵਿੱਚਆਪ ਪਿੱਛੇ ਰਹਿ ਕੇ ਉਸ ਨੂੰ ਹਰ ਤਰ੍ਹਾਂ ਦਾ ਜੰਗੀ ਸਾਮਾਨ ਦੇ ਕੇ ਰੂਸ ਨੂੰ ਫਸਾਈ ਰੱਖਣ ਦੀ ਨੀਤੀ ਹੈ। ਸੰਸਾਰ ਦੇ ਲੋਕਾਂ ਨੂੰ ਇਸ ਜੰਗ ਤੋਂ ਤੀਸਰੀ ਵੱਡੀ ਜੰਗ ਲੱਗਣ ਦਾ ਖਤਰਾ ਭਾਸਦਾ ਹੈ ਤੇ ਇਸ ਸਾਲ ਵਿੱਚ ਕਈ ਵਾਰ ਇਹ ਗੱਲ ਕਹੀ ਗਈ ਹੈ ਕਿ ਜੰਗ ਐਟਮੀ ਹਥਿਆਰਾਂ ਤੱਕ ਪਹੁੰਚ ਸਕਦੀ ਹੈ। ਦੂਸਰੀ ਸੰਸਾਰ ਜੰਗ ਤੋਂ ਬਾਅਦ ਬਣੀ ਸਾਰੇ ਸੰਸਾਰ ਦੀ ਸਾਂਝੀ ਸੱਥ ਯੂ ਐੱਨ ਓ ਮਤੇ ਪਾਸ ਕਰਨ ਤੋਂ ਅੱਗੇ ਵਧਣ ਜੋਗੀ ਨਹੀਂ ਤੇ ਉਹ ਬਹੁਤਾ ਕਰ ਕੇ ਅਮਰੀਕੀ ਧਿਰ ਨਾਲ ਜੁੜੇ ਹੋਏ ਦੇਸ਼ਾਂ ਦੇ ਦਬਾਅ ਹੇਠ ਫੈਸਲੇ ਕਰੀ ਜਾਂਦੀ ਹੈ। ਅਸਲੀ ਵੱਡਾ ਖਤਰਾ ਅਣਗੌਲਿਆ ਕੀਤਾ ਜਾ ਰਿਹਾ ਹੈ। ਕੁੱਲ ਮਿਲਾ ਕੇ ਕਹੀਏ ਤਾਂ ਜਾਣ ਵਾਲਾ ਸਾਲ ਕੋਈ ਸੁੱਖ-ਸਾਂਦ ਦੀ ਵੱਡੀ ਝਲਕ ਦੇ ਕੇ ਨਹੀਂ ਸੀ ਗਿਆ, ਪਰ ਹਰ ਵਾਰੀ ਵਾਂਗ ਇਸ ਵਾਰੀ ਅਗਲੇ ਸਾਲ ਤੋਂ ਲੋਕ ਸੁੱਖ ਦੀ ਆਸ ਵਿੱਚ ਅੱਖਾਂ ਵਿਛਾ ਰਹੇ ਹਨ, ਜਿਸ ਦੇ ਅਗੇਤੇ ਲੱਛਣ ਚੰਗੇ ਨਹੀਂ ਜਾਪਦੇ। ਫਿਰ ਵੀ ਕਿਉਂਕਿ ਬਾਬੇ ਕਹਿੰਦੇ ਹੁੰਦੇ ਸਨ ਕਿ ਆਸ ਨਾਲ ਜਹਾਨ ਕਾਇਮ ਹੁੰਦਾ ਹੈ, ਇਸ ਲਈ ਅਗਲੇ ਸਾਲ ਤੋਂ ਇਹ ਆਸ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਕਿ ਪਿੱਛੇ ਜੋ ਵੀ ਹੋਇਆ, ਭਵਿੱਖ ਹੀ ਚੰਗਾ ਨਿਕਲ ਆਵੇ।


NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



RSFO
Ramgarhia Sikh Foundation of Ontario

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥

Ramgarhia Sikh Foundation of Ontario
10th International Award 2023

Dedicated to the 300th Birth Anniversary of Maharaja Jassa Singh Ramgarhia

300 ਸਾਲਾ ਮਹਾਰਾਜਾ ਰਾਮਗੜ੍ਹੀਆ ਦੇ ਨਾਮ

| | | |
|---|---|---|
| 19th May | Welcoming Guests | 10am |
| 19th May | Lunch | 1pm to 3pm |
| 20th May | Seminar | 10am to 4pm |
| 21th May | Presentation of Awards | 10am to 4pm |

on Friday, 19th May 2023
10:00am to 6:00pm
Century Gardens Recreations Complex (Auditorium 1)
340 Vodden Street East, Brampton, ON, L6V 2N2




Bhupinder Singh Seera (647) 833-6960
Ravinder Pal Singh Sond (647) 403-6767
Gurucharan Singh (Dubai) (416) 845-1019
Mohinder Singh Kundi (647) 294-1669
Harpal Singh Matharu (416) 579 3817
Jaswinder Singh Bhachu (416) 728 2776
Baldev Singh Mankoo (647) 2089729
Karnail Singh Marwaha (416) 567 5159

Daljit S. Gaidhu, Chairman, 416-305-9878
Jasbir S. Sehmbi, Vice Chairman, 437-774-1410
Manjit S. Bhachu, President, 416-275-2374
Jarnail S. Matharu, Treasurer, 416-409-6207
Hardial S. Jheeta, General Secretary, 647-409-8915

Address: 7956 Torbram Road #40, Bldg-B, Brampton, ON, L6T 5A2, Canada

# ਅਮਰਦੀਪ ਮੇਲੇ ਵਿੱਚ 'ਪੰਜਾਬੀ ਖੇਡ ਸਾਹਿਤ' ਦੇ ਚਾਰੇ ਭਾਗ ਰਿਲੀਜ਼








**ਸਰਵਣ ਸਿੰਘ**

ਅਮਰਦੀਪ ਮੈਮੋਰੀਅਲ ਕਾਲਜ ਮੁਕੰਦਪੁਰ ਦੇ ਅਮਰਦੀਪ ਮੇਲੇ ਵਿੱਚ ਡਾ ਸਰਦਾਰਾ ਸਿੰਘ ਜੌਹਲ ਨੇ ਪੰਜਾਬੀ ਖੇਡ ਸਾਹਿਤ ਦੇ ਚਾਰੇ ਭਾਗ 'ਸ਼ਬਦਾਂ ਦੇ ਖਿਡਾਰੀ', 'ਖੇਡ ਸਾਹਿਤ ਦੀਆਂ ਬਾਤਾਂ', 'ਖੇਡ ਸਾਹਿਤ ਦੇ ਮੋਤੀ' ਤੇ 'ਖੇਡ ਸਾਹਿਤ ਦੇ ਹੀਰੇ' ਲੋਕ ਅਰਪਨ ਕੀਤੇ। ਉਮਰ ਦੇ 80ਵਿਆਂ 'ਚ ਮੇਰੀ ਕਲਮ ਹੋਰ ਤੇਜ਼ ਦੌੜਨ ਲੱਗੀ ਹੈ। ਕੋਵਿਡ ਕਾਲ ਦੌਰਾਨ 'ਪੰਜਾਬੀ ਟ੍ਰਿਬਿਊਨ' ਦੇ 'ਤਬਸਰਾ' ਅੰਕ ਵਿੱਚ ਮੇਰੀ ਪੂਰੇ ਅਖ਼ਬਾਰੀ ਪੰਨੇ ਦੇ 111 ਲੇਖਾਂ ਦੀ ਲੰਮੀ ਲੜੀ 'ਪੰਜਾਬੀ ਖੇਡ ਸਾਹਿਤ' ਸਿਰਲੇਖ ਹੇਠ ਛਪੀ ਸੀ। 2020-22 ਦੌਰਾਨ ਉਪ੍ਰੋਕਤ ਚਾਰ ਪੁਸਤਕਾਂ ਨਾਲ ਮੇਰੀਆਂ ਪੰਜ ਹੋਰ ਪੁਸਤਕਾਂ 'ਉਡਣਾ ਸਿੱਖ ਮਿਲਖਾ ਸਿੰਘ', 'ਪੰਜਾਬੀਆਂ ਦਾ ਖੇਡ ਸਭਿਆਚਾਰ', 'ਪੰਜਾਬੀ ਕਹਾਣੀ ਦਾ ਸ਼ਾਹ-ਸਵਾਰ ਵਰਿਆਮ ਸਿੰਘ ਸੰਧੂ' ਅਤੇ 'ਮੇਰੀ ਕਲਮ ਦੀ ਮੈਰਾਥਨ' ਵੀ ਛਪੀਆਂ ਹਨ। ਹੁਣ ਮੈਂ ਵਿਸ਼ਵ ਦੇ ਮਹਾਨ ਖਿਡਾਰੀਆਂ ਦੀ ਲੇਖ ਲੜੀ ਲਿਖ ਰਿਹਾਂ ਜੋ 'ਪੰਜਾਬੀ ਟ੍ਰਿਬਿਊਨ' ਦੇ ਸੱਤ ਰੰਗ ਅੰਕ ਵਿਚ ਛਪ ਰਹੀ ਹੈ। ਮੇਰੀਆਂ ਪੁਸਤਕਾਂ ਪ੍ਰਾਪਤ ਕਰਨ ਲਈ ਫੋਨ 92090-00001, 99151-03490, 98152-43917 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਮੈਂ ਆਪਣੀ ਸਵੈ-ਜੀਵਨੀ 'ਹਸੰਦਿਆਂ ਖੇਲੰਦਿਆਂ' ਵਿੱਚ ਲਿਖਿਆ ਸੀ, "ਜੀਹਨੇ ਲੰਮਾ ਸਮਾਂ ਜਿਊਣਾ ਹੋਵੇ ਉਹ ਕਿਸੇ ਨਾ ਕਿਸੇ ਆਹਰੇ ਜ਼ਰੂਰ ਲੱਗਾ ਰਹੇ ਤੇ ਤੋਰਾ ਫੇਰਾ ਜਾਰੀ ਰੱਖੇ। ਆਹਰ ਪਾਹਰ ਤੇ ਤੋਰੇ ਫੇਰੇ ਵਿੱਚ ਹੀ ਜੀਵਨ ਦਾ ਚਾਅ ਹੈ, ਖੇੜਾ ਤੇ ਅਨੰਦ ਹੈ। ਕੁੱਝ ਵੇਖਣ ਦੀ ਇੱਛਾ, ਕੁੱਝ ਕਰਨ ਤੇ ਜਾਣਨ ਮਾਣਨ ਦੀ ਰੀਝ ਹਮੇਸ਼ਾਂ ਬਣੀ ਰਹਿਣੀ ਚਾਹੀਦੀ ਹੈ। ਇੱਛਾ ਮੁੱਕ ਜਾਵੇ ਤਾਂ ਜੀਵਨ ਦੇ ਚਾਅ ਈ ਮੁੱਕ ਜਾਂਦੇ ਨੇ। ਰੀਝਾਂ ਮਰ ਜਾਣ ਤਾਂ ਕਲਪਨਾ ਵੀ ਕੁਮਲਾਅ ਜਾਂਦੀ ਐ। ਬੰਦਾ ਇੱਛਾਵਾਂ ਤੇ ਕਾਮਨਾਵਾਂ ਦੇ ਸਿਰ 'ਤੇ ਹੀ ਪੀੜ੍ਹੀ ਦਰ ਪੀੜ੍ਹੀ ਜਿਉਂਦਾ ਆ ਰਿਹੈ। ਕੁੱਝ ਕਰਨ ਦੀ ਉਮੰਗ ਤੇ ਕੁੱਝ ਮਾਣਨ ਦੀ ਤਰੰਗ ਨੂੰ ਪੂਰੀ ਕਰਨ ਲਈ ਆਹਰੇ ਲੱਗੇ ਰਹਿਣਾ ਈ ਜ਼ਿੰਦਗੀ ਹੈ।

ਧਰਤੀ, ਚੰਦ, ਸੂਰਜ ਤੇ ਤਾਰੇ ਸਭ ਹਰਕਤ ਵਿੱਚ ਹਨ। ਪੰਖੇਰੂ ਬਿਨਾਂ ਮਤਲਬ ਨਹੀਂ ਉਡੇ ਫਿਰਦੇ। ਹੀਰੇ ਹਿਰਨ ਭਲਾ ਕਾਹਦੇ ਲਈ ਚੁੰਗੀਆਂ ਭਰਦੇ ਨੇ? ਮੱਛੀਆਂ ਪਾਣੀ ਵਿੱਚ ਕਿਉਂ ਤਰਦੀਆਂ ਤੇ ਕਲੋਲਾਂ ਕਰਦੀਆਂ ਹਨ? ਦਰਿਆ ਵਗਦੇ ਰਹਿਣ ਨਾਲ ਈ ਤਰੋ ਤਾਜ਼ਾ ਨੇ। ਖੜ੍ਹੇ ਪਾਣੀ ਮੁਸ਼ਕ ਜਾਂਦੇ ਨੇ। ਬੈਠੇ-ਬੈਠੇ ਤਾਂ ਸ਼ੇਰ ਬਘੇਲੇ ਵੀ ਸ਼ਿਕਾਰ ਨਾ ਮਾਰ ਸਕਣ ਅਤੇ ਭੁੱਖੇ ਮਰ ਜਾਣ। ਧੁੱਪਾਂ ਚੜ੍ਹਦੀਆਂ ਲਹਿੰਦੀਆਂ ਤੇ ਹਵਾਵਾਂ ਰੁਮਕਦੀਆਂ ਰਹਿੰਦੀਆਂ ਹਨ। ਬ੍ਰਹਿਮੰਡ ਦਾ ਨਾਦ ਸਦਾ ਵੱਜਦਾ ਰਹਿੰਦਾ ਹੈ। ਇਹੋ ਜੀਵਨ ਦਾ ਭੇਤ ਹੈ। ਹਰਕਤ ਵਿੱਚ ਹੀ ਜ਼ਿੰਦਗੀ ਹੈ। ਕੁਦਰਤ ਦਾ ਸ਼ੁਕਰ ਹੈ, ਹਾਲਾਂ ਹਰਕਤ ਵਿੱਚ ਹਾਂ ਤੇ ਪੜ੍ਹਦਾ ਲਿਖਦਾ, ਸੈਰਾਂ ਕਰਦਾ, ਬਦਲਦੀ ਤੇ ਵਿਗਸਦੀ ਦੁਨੀਆ ਦਾ ਮੇਲਾ ਵੇਖੀ ਜਾ ਰਿਹਾਂ।

ਸਵੇਰੇ ਚਾਰ ਕਿਲੋਮੀਟਰ ਤੁਰਨਾ, ਕੁਝ ਤੈਰਨਾ, ਸ਼ਾਮੀ ਦੋ ਕੁ ਕਿਲੋਮੀਟਰ ਦੀ ਚਹਿਲ ਕਦਮੀ ਕਰਨੀ ਤੇ ਸੰਜਮ ਨਾਲ ਖਾਣਾ ਪੀਣਾ ਮੇਰਾ ਅਜੋਕਾ ਰੁਟੀਨ ਹੈ। ਦੋ ਢਾਈ ਘੰਟੇ ਸਿਹਤ ਦੇ ਲੇਖੇ ਲਾ ਕੇ ਅੱਠ ਨੌਂ ਘੰਟੇ ਪੜ੍ਹਦਾ ਲਿਖਦਾ ਹਾਂ। ਪਾਠਕਾਂ, ਲੇਖਕਾਂ, ਖਿਡਾਰੀਆਂ, ਦੋਸਤਾਂ ਤੇ ਰਿਸ਼ਤੇਦਾਰਾਂ ਦੀਆਂ ਸ਼ੁਭ ਦੁਆਵਾਂ ਨਾਲ ਹਾਲੇ ਕਾਇਮ ਦਾਇਮ ਹਾਂ ਜਿਸ ਲਈ ਸਭਨਾਂ ਦਾ ਧੰਨਵਾਦੀ ਹਾਂ। ਜਿਹੜੇ ਇਸ ਪੋਸਟ ਨੂੰ ਪੜ੍ਹਨਗੇ ਜਾਂ ਸ਼ੇਅਰ ਕਰਨਗੇ ਉਹਨਾਂ ਦਾ ਅਗਾਊਂ ਸ਼ੁਕਰੀਆ।

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*

# ਸਿਡਨੀ ਵਿਚ ਸਿੱਖ ਸਿਪਾਹੀ ਦੇ ਬੁੱਤ ਦੀ ਸਥਾਪਨਾ





ਆਰੰਭਕ ਟੱਪ ਲਾਉਣ ਸਮੇ ਸੰਗਤਾਂ ਸਮੇਤ ਕੌਂਸਲਰ ਡਾ ਮੋਨਿੰਦਰ ਸਿੰਘ, ਮੇਅਰ ਟੋਨੀ ਬਲੇਸਡਲ, ਡਿਪਟੀ ਮੇਅਰ ਜੂਲੀ ਗ੍ਰਿਫਿਥ ਅਤੇ ਗਿਆਨੀ ਸੰਤੋਖ ਸਿੰਘ ਅਤੇ ਸੱਜੇ ਲੱਗਣ ਵਾਲੇ ਬੁੱਤ ਦਾ ਛੋਟਾ ਮਾਡਲ।

ਸਿਡਨੀ, 27 ਦਸੰਬਰ (ਲਖਵਿਦਰ ਸਿੰਘ ਮਾਨ)- ਪਹਿਲੀ ਸੰਸਾਰ ਜੰਗ ਅਤੇ ਦੂਸਰੀ ਸੰਸਾਰ ਜੰਗ, ਸਾਰਾਗੜ੍ਹੀ ਤੇ ਐਨਜ਼ੈਕ ਜੰਗਾਂ ਵਿਚ ਸ਼ਹੀਦ ਹੋਏ ਸਿੱਖਾਂ ਦੀ ਯਾਦ ਵਿਚ,ਪੱਛਮੀ ਸਿਡਨੀ ਦੀ ਬਲੈਕਟਾਊਨ ਕੌਂਸਲ ਦੇ ਅੰਦਰ,ਗੁਰਦੁਆਰਾ ਸਾਹਿਬ ਸਿੱਖ ਸੈਂਟਰ ਦੇ ਨੇੜੇ, ਗਲੈਨਵੁੱਡ ਸਬਅਰਬ ਦੇ ਪਾਰਕ ਵਿਖੇ ਲੱਗਣ ਵਾਲੇ, ਸਿੱਖ ਸਿਪਾਹੀ ਦੇ ਬੁੱਤ ਦਾ ਨੀਂਹ-ਪੱਥਰ ਰੱਖ ਦਿੱਤਾ ਹੈ।

ਫ਼ਤਹਿ ਫਾਊਂਡੇਸ਼ਨ ਵਜੋਂ ਲਗਾਏ ਜਾ ਰਹੇ ਇਸ ਬੁੱਤ ਬਾਰੇ ਕਾਰਜ ਪਿਛਲੇ ਤਿੰਨ ਸਾਲ ਤੋਂ ਚਲ ਰਿਹਾ ਸੀ। ਫਾਊਂਡੇਸ਼ਨ ਦੇ ਪ੍ਰਧਾਂਨ ਸ ਅਮਰਿੰਦਰ ਸਿੰਘ ਬਾਜਵਾ ਅਤੇ ਜਨਰਲ ਸਕੱਤਰ ਸ ਹਰਕੀਰਤ ਸਿੰਘ ਸੰਧਰ ਨੇ, ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਬੁੱਤ ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਫਿਜੀਵਿਚ ਸਿੱਖ ਦੀ ਪਛਾਣ ਹੋਵੇਗੀ ਜੋ ਸਿੱਖਾਂ ਦੀ ਬਹਾਦਰੀ, ਸੂਰਬੀਰਤਾ ਅਤੇ ਸ਼ਹਾਦਤ ਨੂੰ,ਦੂਜੇ ਭਾਈਚਾਰਿਆਂ ਜਾਣ ਕਰਵਾਉਣ ਵਿਚ ਸਹਾਈ ਹੋਵੇਗਾ। ਅਗਲੇਕੁਝ ਹਫ਼ਤਿਆਂ ਤੱਕ ਇਸ ਦਾ ਕੰਮ ਮੁਕੰਮਲ ਹੋ ਜਾਵੇਗਾ।

ਪਾਰਕਲੀ ਸਕੂਲ ਦੇ ਸਾਹਮਣੇ, ਲੇਕ ਪਾਰਕ ਵਿਚ ਇਸ ਬੁੱਤ ਦੀ ਕੁੱਲ ਉਚਾਈ 4 ਮੀਟਰ ਦੇ ਕਰੀਬ ਹੋਵੇਗੀ।ਬਾਜਵਾ ਨੇ ਦੱਸਿਆ ਕਿ ਇਹ ਪ੍ਰੋਜੈਕਟ ਕੋਈ ਸਵਾ ਕੁ ਲੱਖ ਡਾਲਰ ਦਾ ਹੈ, ਜਿਸ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਿਵਜ਼ਬੀ, ਗੁਰਦੁਆਰਾ ਗੁਰੂ ਨਾਨਕ ਤਾਰਾਮਾਰਾ, ਗੁਰਦੁਆਰਾ ਕੈਨਬਰਾ, ਗੁਰਦੁਆਰਾ ਪੈਨਰਥ ਦੇ ਨਾਲ-ਨਾਲ ਸਮੁੱਚੀ ਸੰਗਤ ਨੇ ਹਿੱਸਾ ਪਾਇਆ ਹੈ।

ਇਹ ਪੂਰਾ ਬੁੱਤ ਬਰਾਸ ਧਾਤੂ ਦਾ ਬਣਿਆ ਹੋਇਆ ਹੈ।ਬਲੈਕਟਾਊਨ ਕੌਂਸਲ ਤੋਂ ਇਸ ਮੌਕੇ 'ਤੇ ਪਹੁੰਚੇ ਮੇਅਰ ਟੋਨੀ ਬਲੀਮਡੇਲ, ਰਿਵਰਸਟਨ ਤੋਂ ਕੇਵਿਨ ਕੋਨੋਲੀ, ਕੌਂਸਲਰ ਮਨਿੰਦਰ ਸਿੰਘ ਤੇ ਕੌਂਸਲਰ ਕੁਸ਼ਪਿੰਦਰ ਕੌਰ ਨੇ ਸਿੱਖ ਭਾਈਚਾਰੇ ਨੂੰ ਇਸ ਸ਼ੁਭ ਕਾਰਜ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਸਿੱਖਾਂ ਦੀਆਂ ਦਿੱਤੀਆਂ ਸ਼ਹਾਦਤਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ । ਫ਼ਤਹਿ ਫਾਊਂਡੇਸ਼ਨ ਦੀ ਪੂਰੀ ਟੀਮ ਅਮਰਿੰਦਰ ਬਾਜਵਾ, ਗੈਰੀ ਸਿੰਘ, ਦਵਿੰਦਰ ਸਿੰਘ ਧਾਰੀਆ, ਨਵਤੇਜ ਬਸਰਾ ਨੇ ਸਾਰੀ ਪਹੁੰਚੀ ਸੰਗਤ ਦਾ ਧੰਨਵਾਦ ਕੀਤਾ ਅਤੇ ਇਸ ਪੂਰੇ ਪ੍ਰੋਜੈਕਟ ਨੂੰ ਜਲਦ ਨੇਪਰੇ ਚਾੜ੍ਹਨ ਲਈ ਇਕਜੁੱਟਤਾ ਦਿਖਾਈ।

ਬਲੈਕਟਾਊਨ ਕੌਂਸਲ ਵਿਚ ਸਾਡੇ ਆਪਣੇ ਦੋ ਕੌਂਸਲਰਾਂ: ਡਾ। ਮੋਨਿੰਦਰ ਸਿੰਘ ਅਤੇ ਬੀਬਾ ਕੁਲਵਿੰਦਰ ਕੌਰ, ਦੇ ਉਚੇਚੇ ਜਤਨਾਂ ਸਦਕਾ, ਮੇਅਰ ਟੋਨੀ ਬਲਿਸਡੇਲ, ਡਿਪਟੀ ਮੇਅਰ ਜੂਲੀ ਗ੍ਰਿਫਿਥ ਨੇ ਇਸ ਪ੍ਰੋਜੈਕਟ ਦੀ ਮਨਜ਼ੂਰੀ ਦਿਤੀ।

ਇਸ ਸ਼ੁਭ ਮੌਕੇ 'ਤੇ ਉਪਰ ਲਿਖੇ ਸੱਜਣਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਸਿੱਖ ਸੰਗਤ ਸਮੇਤ, ਐਮ।ਪੀ, ਕੈਵਿਨ ਕੋਨੋਲੀ, ਸਟੇਟ ਨਿਊ ਸਾਊਥ ਵੇਲਜ਼ ਦੇ ਐਮ।ਐਲ।ਸੀ। ਸ਼ੌਕਤ ਮੋਸਲਮੇਨ ਸਮੇਤ ਆਸਟ੍ਰੇਲੀਅਨ ਆਗੂਆ ਨੇ ਵੀ ਹਾਜਰੀ ਭਰ ਕੇ ਰੌਣਕ ਵਿਚ ਵਾਧਾ ਕੀਤਾ।

ਪੰਜਾਬੀ ਪੋਸਟ CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4'' tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com








## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**




## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

# ਕਿਸੇ ਵੀ ਪ੍ਰਾਈਵੇਟ ਸਕੂਲ ਨੂੰ ਵਿਦਿਆਰਥੀਆਂ ਦੀ ਲੁੱਟ ਅਤੇ ਮਨਮਾਨੀਆਂ ਕਰਨ ਦੀ ਆਗਿਆ ਨਹੀਂ ਦੇਵਾਂਗੇ: ਹਰਜੋਤ ਬੈਂਸ

*ਪਟਿਆਲਾ ਜ਼ਿਲ੍ਹੇ ਦੇ ਦੋ ਪ੍ਰਾਈਵੇਟ ਸਕੂਲਾਂ ਨੂੰ ਵਾਧੂ ਵਸੂਲੀ ਫੀਸ ਵਿਦਿਆਰਥੀਆਂ ਨੂੰ ਵਾਪਸ ਕਰਨ ਦੀ ਹਦਾਇਤ



ਚੰਡੀਗੜ, 26 ਦਸੰਬਰ (ਪੋਸਟ ਬਿਊਰੋ) - ਪੰਜਾਬ ਸਰਕਾਰ ਸੂਬੇ ਦੇ ਕਿਸੇ ਵੀ ਪ੍ਰਾਈਵੇਟ ਸਕੂਲ ਨੂੰ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਦੀ ਲੁੱਟ ਕਰਨ ਦੀ ਆਗਿਆ ਨਹੀਂ ਦੇਵੇਗੀ ਅਤੇ ਜੋ ਵੀ ਪ੍ਰਾਈਵੇਟ ਅਦਾਰਾ ਨਿਯਮਾਂ ਦੀ ਉਲੰਘਣਾ ਕਰੇਗਾ ਉਸ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਪ੍ਰਗਟਾਵਾ ਅੱਜ ਇੱਥੇ ਸਿੱਖਿਆ ਮੰਤਰੀ ਪੰਜਾਬ ਸ। ਹਰਜੋਤ ਸਿੰਘ ਬੈਂਸ ਨੇ ਕੀਤਾ।

ਸ। ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਸ। ਭਗਵੰਤ ਮਾਨ ਜੀ ਦੀਆਂ ਇਸ ਮਾਮਲੇ ਵਿੱਚ ਬਹੁਤ ਹੀ ਸਪੱਸ਼ਟ ਹਦਾਇਤਾਂ ਹਨ ਕਿ ਉਹ ਪੰਜਾਬ ਵਿੱਚ ਸਿੱਖਿਆ ਨੂੰ ਵਪਾਰ ਨਹੀਂ ਬਣਨ ਦੇਣਗੇ। ਵਿਭਾਗ ਦੇ ਨਿਰਧਾਰਿਤ ਨਿਯਮਾਂ ਅਨੁਸਾਰ ਕੰਮ ਕਰਨ ਵਾਲੇ ਹਰ ਪ੍ਰਾਈਵੇਟ ਅਦਾਰੇ ਨੂੰ ਪੂਰੀ ਖੁੱਲ ਹੋਵੇਗੀ ਪਰ ਮਨਮਾਨੀਆਂ ਤੇ ਬੇਨਿਯਮੀਆਂ ਕਰਨ ਵਾਲਿਆਂ ਤੇ ਪੂਰੀ ਸਖ਼ਤੀ ਕੀਤੀ ਜਾਵੇਗੀ। ਸਿੱਖਿਆ ਮੰਤਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫੀਸ ਰੈਗੂਲੇਟਰੀ ਬਾਡੀ ਪਟਿਆਲਾ ਵੱਲੋਂ ਜ਼ਿਲ੍ਹੇ ਦੇ ਦੋ ਪ੍ਰਾਈਵੇਟ ਸਕੂਲਾਂ ਨੂੰ ਵਿੱਦਿਅਕ ਸਾਲ 2022-23 ਦੌਰਾਨ ਵਸੂਲੀ ਗਈ ਵੱਧ ਫੀਸ ਵਿਦਿਆਰਥੀਆਂ ਨੂੰ ਵਾਪਸ ਕਰਨ ਦੀ ਹਦਾਇਤ ਕੀਤੀ ਗਈ ਹੈ। ਇਸ ਦੇ ਨਾਲ ਹੀ 'ਦਾ ਪੰਜਾਬ ਰੈਗੂਲੇਸ਼ਨ ਆਫ਼ ਫੀ ਆਫ਼ ਅਨ-ਏਡਿਡ ਐਜੂਕੇਸ਼ਨਲ ਇੰਸਟੀਟਿਊਸ਼ਨਲ ਐਕਟ' ਦੀ ਉਲੰਘਣਾ ਕਰਨ ਤੇ ਦੋਵਾਂ ਸਕੂਲਾਂ ਨੂੰ ਜੁਰਮਾਨਾ ਵੀ ਲਗਾਇਆ ਗਿਆ ਹੈ।

ਸ। ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਾਲ 2022-23 ਦੀਆਂ ਫੀਸਾਂ ਸਬੰਧੀ ਜਾਰੀ ਹਦਾਇਤਾਂ ਦੇ ਮੱਦੇਨਜ਼ਰ ਜ਼ਿਲ੍ਹਾ ਪਟਿਆਲਾ ਵਿਚ ਵੱਖ ਵੱਖ ਸਕੂਲਾਂ ਦੀਆਂ ਸ਼ਿਕਾਇਤਾਂ ਮਿਲਣ 'ਤੇ ਪੜਤਾਲ ਕਰਵਾਈ ਗਈ ਸੀ ਜਿਸ ਦੇ ਆਧਾਰ 'ਤੇ ਫੀਸ ਰੈਗੂਲੇਟਰੀ ਬਾਡੀ ਜ਼ਿਲ੍ਹਾ ਪਟਿਆਲਾ ਦੇ ਚੇਅਰਪਰਸਨ ਵੱਲੋਂ ਪਟਿਆਲਾ ਦੇ ਰਿਆਨ ਇੰਟਰਨੈਸ਼ਨਲ ਸਕੂਲ, ਅਰਬਨ ਅਸਟੇਟ ਫੇਜ-2 ਤੇ ਕੇ।ਐਸ।ਬੀ। ਵਰਲਡ ਸਕੂਲ ਬੂਰੜ ਜ਼ਿਲ੍ਹਾ ਪਟਿਆਲਾ ਨੂੰ ਵਿਦਿਅਕ ਸਾਲ 2022-23 ਦੌਰਾਨ ਵਿਦਿਆਰਥੀਆਂ ਪਾਸੋਂ ਵਸੂਲੀ ਵੱਧ ਫੀਸ ਵਾਪਸ ਕਰਨ ਅਤੇ ਨਿਯਮਾਂ ਦੀ ਉਲੰਘਣਾ ਕਰਨ 'ਤੇ ਕ੍ਰਮਵਾਰ ਦੋ ਲੱਖ ਤੇ ਇੱਕ ਲੱਖ ਦਾ ਜੁਰਮਾਨਾ ਵੀ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਸਕੂਲਾਂ ਸਬੰਧੀ ਫੀਸ ਰੈਗੂਲੇਟਰੀ ਬਾਡੀ ਵੱਲੋਂ ਕੀਤੇ ਗਏ ਅਚਨਚੇਤ ਨਿਰੀਖਣ ਦੌਰਾਨ ਤਰੁੱਟੀਆਂ ਪਾਈਆਂ ਗਈ ਸਨ ਜਿਸ ਲਈ ਉਕਤ ਸਕੂਲਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਉਕਤ ਦੋਵੇ ਸਕੂਲਾਂ ਨੇ ਜੋ ਫੀਸ ਦਾ ਵਾਧਾ ਕੀਤਾ ਸੀ ਉਸ ਸਬੰਧੀ ਕੋਈ ਢੁਕਵਾਂ ਜਵਾਬ ਨਾ ਦੇਣ ਕਾਰਨ ਉਨ੍ਹਾਂ 'ਤੇ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

ਉਨ੍ਹਾਂ ਦੱਸਿਆ ਕਿ ਉਕਤ ਦੋਵੇਂ ਸਕੂਲਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ ਤੇ ਇੱਕ ਹਫ਼ਤੇ ਅੰਦਰ ਅੰਦਰ ਹੁਕਮਾਂ ਦੀ ਪਾਲਣਾ ਕਰਨ ਦੀ ਹਦਾਇਤ ਕੀਤੀ ਗਈ ਹੈ। ਹੁਕਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿਚ ਸਕੂਲ ਵਿਰੁੱਧ ਫੀਸ ਐਕਟ 2016 ਦੇ ਸੈਕਸ਼ਨ 14 ਤਹਿਤ ਫੀਸ ਰੈਗੂਲੇਟਰੀ ਬਾਡੀ ਪਟਿਆਲਾ ਵੱਲੋਂ ਅਗਲੇਰੀ ਕਾਰਵਾਈ ਵੀ ਅਮਲ ਵਿਚ ਲਿਆਂਦੀ ਜਾਵੇਗੀ।

# ਵਿਜੀਲੈਂਸ ਵੱਲੋਂ 6 ਹਜਾਰ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਏਐਸਆਈ ਗ੍ਰਿਫਤਾਰ



ਚੰਡੀਗੜ੍ਹ, 26 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਓਰੋ ਨੇ ਆਪਣੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੌਰਾਨ ਅੱਜ ਥਾਣਾ ਗੁਰੂਹਰਸਹਾਏ, ਫਿਰੋਜ਼ਪੁਰ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏਐਸਆਈ) ਗੁਰਮੇਜ ਸਿੰਘ ਨੂੰ 6,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਏਐਸਆਈ ਨੂੰ ਗੁਰੂਹਰਸਹਾਏ ਦੀ ਰਹਿਣ ਵਾਲੀ ਰਾਣੀ ਦੀ ਸ਼ਿਕਾਇਤ 'ਤੇ 6000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਮਹਿਲਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਪੁਲਿਸ ਮੁਲਾਜਮ ਨੇ ਉਸ ਦੇ ਖਿਲਾਫ ਥਾਣਾ ਸਦਰ ਵਿਖੇ ਦਰਜ ਪੁਲਿਸ ਕੇਸ ਵਿੱਚ ਉਸ ਨੂੰ ਸ਼ਾਮਲ ਤਫ਼ਤੀਸ਼ ਕਰਨ ਬਦਲੇ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ। ਉਸ ਨੇ ਅੱਗੇ ਦੋਸ਼ ਲਾਇਆ ਕਿ ਉਕਤ ਮੁਲਜ਼ਮ ਉਸ ਤੋਂ ਪਹਿਲਾਂ ਹੀ 2000 ਰੁਪਏ ਪਹਿਲੀ ਕਿਸ਼ਤ ਵਜੋਂ ਲੈ ਚੁੱਕਾ ਹੈ ਅਤੇ ਹੋਰ ਪੈਸੇ ਮੰਗ ਰਿਹਾ ਹੈ। ਸ਼ਿਕਾਇਤਕਰਤਾ ਦੇ ਨਾਲ ਥਾਣੇ ਗਏ ਇੱਕ ਸਾਥੀ ਨੇ ਸਬੂਤ ਵਜੋਂ ਉਕਤ ਪੁਲਿਸ ਮੁਲਾਜ਼ਮ ਨੂੰ ਰਿਸ਼ਵਤ ਦੀ ਰਕਮ ਦੇਣ ਸਮੇਂ ਦੀ ਗੱਲਬਾਤ ਰਿਕਾਰਡ ਕਰ ਲਈ ਸੀ।

ਬੁਲਾਰੇ ਨੇ ਅੱਗੇ ਕਿਹਾ ਕਿ ਬਿਊਰੋ ਨੇ ਦੋਸ਼ਾਂ ਦੀ ਜਾਂਚ ਕੀਤੀ ਅਤੇ ਦੋਸ਼ੀ ਨੂੰ ਕਾਬੂ ਕਰਨ ਲਈ ਜਾਲ ਵਿਛਾਇਆ। ਉਕਤ ਦੋਸ਼ੀ ਪੁਲਿਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਦੂਜੀ ਕਿਸ਼ਤ ਵਜੋਂ 6,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਇਸ ਸਬੰਧੀ ਉਪਰੋਕਤ ਪੁਲਿਸ ਮੁਲਾਜਮ ਖਿਲਾਫ ਵਿਜੀਲੈਂਸ ਦੇ ਥਾਣਾ ਫਿਰੋਜ਼ਪੁਰ ਵਿਖੇ ਭ੍ਰਿਸ਼ਟਾਚਾਰ ਦੀ ਰੋਕਥਾਮ ਬਾਰੇ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

# ਪੰਜਾਬ ਵਿੱਚ 2022 ਦੌਰਾਨ ਅਪਰਾਧ ਦਰ ਵਿੱਚ ਦਰਜ ਕੀਤੀ ਗਈ ਮਹੱਤਵਪੂਰਨ ਗਿਰਾਵਟ, ਪੰਜਾਬ ਪੁਲਿਸ ਅਪਰਾਧੀਆਂ ਨਾਲ ਕਰੜੇ ਹੱਥੀਂ ਨਜਿੱਠੀ

* ਪੰਜਾਬ ਪੁਲਿਸ ਦੀ ਅੰਦਰੂਨੀ ਸੁਰੱਖਿਆ ਵੱਲੋਂ ਇੱਕ ਸਾਲ ਵਿੱਚ 119 ਅੱਤਵਾਦੀ/ਕੱਟੜਪੰਥੀ ਅਤੇ ਏਜੀਟੀਐਫ ਵੱਲੋਂ 428 ਗੈਂਗਸਟਰ/ਅਪਰਾਧੀ ਗ੍ਰਿਫਤਾਰ



ਚੰਡੀਗੜ੍ਹ, 26 ਦਸੰਬਰ (ਪੋਸਟ ਬਿਊਰੋ) - ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੇ ਸੁਚੱਜੇ ਪ੍ਰਸ਼ਾਸਨ ਅਤੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੀ ਯੋਗ ਨਿਗਰਾਨੀ ਹੇਠ ਪੰਜਾਬ ਵਿੱਚ ਅਪਰਾਧ ਦਰ 'ਚ ਤੇਜ਼ੀ ਨਾਲ ਗਿਰਾਵਟ ਆਈ ਹੈ। ਅਪਰਾਧ ਸਬੰਧੀ ਸੂਬੇ ਦੇ ਅਧਿਕਾਰਤ ਅੰਕੜਿਆਂ ਅਨੁਸਾਰ ਪਿਛਲੇ ਸਾਲ ਦੀ ਤੁਲਨਾ ਵਿੱਚ ਇਸ ਸਾਲ ਕਤਲਾਂ ਦੀ ਗਿਣਤੀ 2021 ਵਿੱਚ 723 ਤੋਂ ਘਟ ਕੇ 2022 ਵਿੱਚ 654 ਰਹਿ ਗਈ ਹੈ, ਜਦੋਂ ਕਿ ਅਗਵਾ ਕਰਨ ਦੀਆਂ ਘਟਨਾਵਾਂ 2021 ਵਿੱਚ 1787 ਤੋਂ ਘੱਟ ਕੇ 2022 ਵਿੱਚ 1645 ਰਹਿ ਗਈਆਂ ਹਨ।

ਇਸੇ ਤਰ੍ਹਾਂ ਚੋਰੀ ਨਾਲ ਸਬੰਧਤ ਕੇਸ ਵੀ 2021 ਵਿੱਚ 8417 ਤੋਂ ਘਟ ਕੇ 2022 ਵਿੱਚ 8407 ਰਹਿ ਗਏ ਹਨ ਅਤੇ ਆਬਕਾਰੀ ਐਕਟ ਨਾਲ ਸਬੰਧਤ ਕੇਸ 2021 ਵਿੱਚ 10745 ਤੋਂ ਘਟ ਕੇ 2022 ਵਿੱਚ 9104 ਰਹਿ ਗਏ ਹਨ। ਅੰਕੜਿਆਂ ਮੁਤਾਬਕ ਸੂਬੇ ਵਿੱਚ ਦਰਜ ਐਫ।ਆਈ।ਆਰਜ਼ ਦੀ ਗਿਣਤੀ ਵੀ 2021 ਵਿੱਚ 73581 ਤੋਂ ਘਟ ਕੇ 2022 ਵਿੱਚ 71827 ਰਹਿ ਗਈ ਹੈ।

ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਇੰਸਪੈਕਟਰ ਜਨਰਲ ਆਫ ਪੁਲਿਸ (ਆਈਜੀ) ਸੁਖਚੈਨ ਸਿੰਘ ਗਿੱਲ ਨੇ ਅੱਜ ਕਿਹਾ ਕਿ 2022 ਦੌਰਾਨ ਪੰਜਾਬ ਪੁਲਿਸ ਦੀ ਅੰਦਰੂਨੀ ਸੁਰੱਖਿਆ ਨੇ 43 ਰਾਈਫਲਾਂ, 220 ਰਿਵਾਲਵਰ/ਪਿਸਟਲ, 13 ਟਿਫਨ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਇਸ(ਆਈਈਡੀਜ਼), 2415 ਕਿਲੋਗ੍ਰਾਮ ਆਰਡੀਐਕਸ ਅਤੇ ਹੋਰ ਵਿਸਫੋਟਕ, 37 ਹੈਂਡ ਗ੍ਰਨੇਡ, ਡਿਸਪੋਜ਼ਡ ਰਾਕੇਟ ਲਾਂਚਰ ਦੀਆਂ ਦੋ ਸਲੀਵਜ਼, 22 ਡਰੋਨ ਅਤੇ 23 ਵਾਹਨਾਂ ਸਮੇਤ 119 ਅੱਤਵਾਦੀਆਂ/ਕੱਟੜਪੰਥੀਆਂ ਨੂੰ ਗ੍ਰਿਫਤਾਰ ਕਰਕੇ 18 ਅੱਤਵਾਦੀ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਹੈ।

ਉਨ੍ਹਾਂ ਕਿਹਾ ਕਿ 6 ਅਪ੍ਰੈਲ, 2022 ਨੂੰ ਗਠਿਤ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਹੁਣ ਤੱਕ 428 ਗੈਂਗਸਟਰਾਂ/ਅਪਰਾਧੀਆਂ ਦੀ ਗ੍ਰਿਫਤਾਰੀ ਅਤੇ ਦੋ ਗੈਂਗਸਟਰਾਂ/ਅਪਰਾਧੀਆਂ ਦੇ ਖਾਤਮੇ ਨਾਲ 111 ਗੈਂਗਸਟਰ/ਅਪਰਾਧਿਕ ਮਾਡਿਊਲਾਂ ਦਾ ਪਰਦਾਫਾਸ਼ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ 411 ਹਥਿਆਰ,ਅਪਰਾਧਿਕ ਗਤੀਵਿਧੀਆਂ ਵਿੱਚ ਵਰਤੇ ਗਏ 97 ਵਾਹਨ, 44121 ਕਿਲੋਗ੍ਰਾਮ ਹੈਰੋਇਨ ਅਤੇ 1130 ਕਰੋੜ ਰੁਪਏ ਦੀ ਰਾਸ਼ੀ ਬਰਾਮਦ ਕੀਤੀ ਗਈ।

ਆਈਜੀਪੀ ਨੇ ਦੱਸਿਆ ਕਿ 1 ਜਨਵਰੀ ਤੋਂ 20 ਦਸੰਬਰ, 2022 ਤੱਕ ਪੰਜਾਬ ਵਿੱਚ ਪੰਜ ਵੱਡੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿੱਚ ਪੁਲਿਸ ਚੌਕੀ ਕਾਲਵਾ, ਥਾਣਾ ਨੂਰਪੁਰ ਬੇਦੀ, ਰੋਪੜ ਵਿਖੇ ਆਈਈਡੀ ਧਮਾਕਾ; ਮੋਹਾਲੀ ਵਿਖੇ ਇੰਟੈਲੀਜੈਂਸ ਹੈੱਡਕੁਆਰਟਰ ਦੀ ਇਮਾਰਤ 'ਤੇ ਆਰਪੀਜੀ ਹਮਲਾ; ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦਾ ਕਤਲ; ਬਰਗਾੜੀ ਬੇਅਦਬੀ ਕਾਂਡ ਦੇ ਦੋਸ਼ੀ ਪਰਦੀਪ ਕੁਮਾਰ ਦਾ ਕਤਲ ਅਤੇ ਤਰਨਤਾਰਨ ਦੇ ਥਾਣਾ ਸਰਹਾਲੀ ਵਿਖੇ ਆਰਪੀਜੀ ਹਮਲਾ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਇਨ੍ਹਾਂ ਸਾਰੇ ਵੱਡੇ ਅਪਰਾਧਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕੀਤਾ ਹੈ।

ਆਈਜੀਪੀ ਸੁਖਚੈਨ ਸਿੰਘ ਗਿੱਲ ਨੇ ਹਫ਼ਤਾਵਾਰੀ ਪ੍ਰੈਸ ਕਾਨਫਰੰਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੀ ਬਰਾਮਦਗੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਚਨਬੱਧ ਹੈ ਅਤੇ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੀ ਲਾਹਨਤ ਨੂੰ ਜੜ੍ਹੋਂ ਪੁੱਟਣ ਲਈ ਵਿਆਪਕ ਪੱਧਰ 'ਤੇ ਨਸ਼ਾ ਵਿਰੋਧੀ ਮੁਹਿੰਮਾਂ ਚਲਾਈਆਂ ਗਈਆਂ ਹਨ।

ਨਸ਼ਿਆਂ ਬਾਰੇ ਸਲਾਨਾ ਅਪਡੇਟ ਦਿੰਦੇ ਹੋਏ ਆਈਜੀਪੀ ਨੇ ਕਿਹਾ ਕਿ 1 ਜਨਵਰੀ ਤੋਂ 25 ਦਸੰਬਰ, 2022 ਤੱਕ ਪੰਜਾਬ ਪੁਲਿਸ ਨੇ 12171 ਐਫਆਈਆਰਜ਼, ਜਿਨ੍ਹਾਂ ਵਿੱਚੋਂ 1374 ਵਪਾਰਕ ਮਾਮਲਿਆਂ ਨਾਲ ਸਬੰਧਤ ਹਨ, ਦਰਜ ਕਰਕੇ 2316 ਵੱਡੀਆਂ ਮੱਛੀਆਂ ਸਮੇਤ 16798 ਨਸ਼ਾ ਤਸਕਰਾਂ/ਸਪਲਾਇਰਾਂ ਨੂੰ ਗ੍ਰਿਫਤਾਰ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਸੂਬੇ ਭਰ ਦੇ ਸੰਵੇਦਨਸ਼ੀਲ ਰਸਤਿਆਂ 'ਤੇ ਨਾਕੇ ਲਗਾਉਣ ਤੋਂ ਇਲਾਵਾ ਨਸ਼ਾ ਪ੍ਰਭਾਵਿਤ ਇਲਾਕਿਆਂ ਦੀ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ ਚਲਾ ਕੇ ਸੂਬੇ ਭਰ 'ਚੋਂ 582 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਪੁਲਿਸ ਦੀਆਂ ਟੀਮਾਂ ਵੱਲੋਂ ਗੁਜਰਾਤ ਅਤੇ ਮਹਾਰਾਸ਼ਟਰ ਦੀਆਂ ਸਮੁੰਦਰੀ ਬੰਦਰਗਾਹਾਂ ਤੋਂ 14715 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਜਿਸ ਨਾਲ ਇੱਕ ਸਾਲ ਅੰਦਰ ਹੈਰੋਇਨ ਦੀ ਕੁੱਲ ਰਿਕਵਰੀ 72915 ਕਿਲੋ ਹੋ ਗਈ ਹੈ।

# ਸ਼ੀਤ ਲਹਿਰ ਨੇ ਦਿੱਲੀ ਅਤੇ ਉੱਤਰੀ ਭਾਰਤ ਵਿਚ ਮਚਾਇਆ ਕਹਿਰ, ਠੰਢ ਅਤੇ ਕੋਹਰੇ ਨਾਲ ਬੁਰਾ ਹਾਲ



ਨਵੀਂ ਦਿੱਲੀ, 26 ਦਸੰਬਰ (ਪੋਸਟ ਬਿਊਰੋ) - ਦਿੱਲੀ ਅਤੇ ਉੱਤਰੀ ਭਾਰਤ ਦੇ ਕਈ ਹਿੱਸਿਆਂ ਵਿੱਚ ਕੜਾਕੇ ਦੀ ਠੰਢ ਦੇਖਣ ਨੂੰ ਮਿਲ ਰਹੀ ਹੈ। ਮੌਸਮ ਵਿਭਾਗ ਨੇ ਅਗਲੇ ਦੋ ਦਿਨਾਂ ਵਿਚ ਸ਼ੀਤ ਲਹਿਰ ਦੀ ਭਵਿੱਖਬਾਣੀ ਕੀਤੀ ਹੈ। ਰਾਸਟਰੀ ਰਾਜਧਾਨੀ ਖੇਤਰ, ਹਰਿਆਣਾ, ਪੰਜਾਬ, ਪੱਛਮੀ ਉੱਤਰ ਪ੍ਰਦੇਸ ਅਤੇ ਉੱਤਰੀ ਰਾਜਸਥਾਨ ਦੇ ਕੁਝ ਹਿੱਸਿਆਂ ਵਿੱਚ ਸੋਮਵਾਰ ਨੂੰ ਸੰਘਣੀ ਤੋਂ ਬਹੁਤ ਸੰਘਣੀ ਧੁੰਦ ਛਾਈ ਰਹੀ। ਪਿਛਲੇ ਇਕ ਹਫਤੇ ਤੋਂ ਦਿੱਲੀ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ, ਰਾਜਸਥਾਨ ਵਿੱਚ ਸ਼ੀਤ ਲਹਿਰ ਸ਼ੁਰੂ ਹੋਣ ਨਾਲ ਤਾਪਮਾਨ ਵਿਚ ਭਾਰੀ ਗਿਰਾਵਟ ਦਰਜ ਕੀਤੀ ਜਾ ਰਹੀ ਹੈ।

ਦਿੱਲੀ ਵਿਚ ਐਤਵਾਰ ਨੂੰ ਪਾਰਾ 5.3 ਡਿਗਰੀ ਸੈਲਸੀਅਸ 'ਤੇ ਆ ਗਿਆ, ਜੋ ਆਮ ਨਾਲੋਂ ਤਿੰਨ ਡਿਗਰੀ ਘੱਟ ਸੀ। ਆਈਐਮਡੀ ਦੇ ਅਨੁਸਾਰ, ਜਦੋਂ ਘੱਟੋ-ਘੱਟ ਤਾਪਮਾਨ ਚਾਰ ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ ਤਾਂ ਸ਼ੀਤ ਲਹਿਰ ਦਾ ਐਲਾਨ ਕੀਤਾ ਜਾਂਦਾ ਹੈ। ਸ਼ੀਤ ਲਹਿਰ ਉਦੋਂ ਵੀ ਐਲਾਨ ਕੀਤੀ ਜਾਂਦੀ ਹੈ ਜਦੋਂ ਘੱਟੋ-ਘੱਟ ਤਾਪਮਾਨ 10 ਡਿਗਰੀ ਸੈਲਸੀਅਸ ਜਾਂ ਘੱਟ ਹੋਵੇ ਅਤੇ ਆਮ ਨਾਲੋਂ 4.5 ਡਿਗਰੀ ਘੱਟ ਹੋਵੇ।

ਇੱਕ "ਗੰਭੀਰ" ਸ਼ੀਤ ਲਹਿਰ ਉਦੋਂ ਐਲਾਨੀ ਜਾਂਦੀ ਹੈ ਜਦੋਂ ਘੱਟੋ ਘੱਟ ਤਾਪਮਾਨ ਦੋ ਡਿਗਰੀ ਸੈਲਸੀਅਸ ਜਾਂ ਆਮ ਨਾਲੋਂ 6.4 ਡਿਗਰੀ ਸੈਲਸੀਅਸ ਘੱਟ ਹੁੰਦਾ ਹੈ। ਹਰਿਆਣਾ, ਪੰਜਾਬ, ਚੰਡੀਗੜ੍ਹ ਅਤੇ ਰਾਜਸਥਾਨ ਅਤੇ ਉੱਤਰ ਪ੍ਰਦੇਸ ਦੇ ਕੁਝ ਹਿੱਸਿਆਂ ਵਿੱਚ ਸੰਘਣੀ ਧੁੰਦ ਦੇਖਣ ਨੂੰ ਮਿਲੀ। ਭਾਰਤੀ ਮੌਸਮ ਵਿਭਾਗ ਮੁਤਾਬਕ 27 ਦਸੰਬਰ ਤੱਕ ਧੁੰਦ ਪੈਣ ਦੀ ਸੰਭਾਵਨਾ ਹੈ।

# ਅਮਰੀਕਾ ਦੇ ਉਟਾਹ ਤੇ ਮਿਸੀਸਿੱਪੀ ਰਾਜਾਂ ਨੇ ਸਕੂਲਾਂ ਦੇ ਸਲੇਬਸ ਵਿਚ ਸਿੱਖਾਂ ਬਾਰੇ ਪੜ੍ਹਾਈ ਨੂੰ ਕੀਤਾ ਸ਼ਾਮਲ, ਸਿੱਖ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ



ਸੈਕਰਾਮੈਂਟੋ 26 ਦਸੰਬਰ (ਹੁਸਨ ਲੜੋਆ ਬੰਗਾ)- ਸਿੱਖ ਭਾਈਚਾਰੇ ਲਈ ਉਸ ਵੇਲੇ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਜਦੋਂ ਉਨਾਂ ਨੂੰ ਇਹ ਜਾਣਕਾਰੀ ਮਿਲੀ ਕਿ ਅਮਰੀਕਾ ਦੇ ਦੋ ਹੋਰ ਰਾਜਾਂ ਨੇ ਸਕੂਲਾਂ ਦੇ ਸਲੇਬਸ ਵਿਚ ਸਿੱਖਾਂ ਬਾਰੇ ਪੜਾਈ ਨੂੰ ਸ਼ਾਮਿਲ ਕਰਨ ਦਾ ਫੈਸਲਾ ਕੀਤਾ ਹੈ। ਉਟਾਹ ਤੇ ਮਿਸੀਸਿੱਪੀ ਰਾਜਾਂ ਨੇ ਨਵੀਂ ਸਮਾਜਿਕ ਸਿੱਖਿਆ (ਸੋਸ਼ਲ ਸਟੱਡੀ) ਦੀ ਕਿਤਾਬ ਵਿਚ ਸਿੱਖੀ ਤੇ ਸਿੱਖ ਧਰਮ ਨੂੰ ਸ਼ਾਮਿਲ ਕਰਨ ਦੇ ਹੱਕ ਵਿਚ ਵੋਟ ਪਾਈ ਹੈ। ਉਟਾਹ ਤੇ ਮਿਸੀਸਿੱਪੀ ਅਮਰੀਕਾ ਦੇ ਕ੍ਰਮਵਾਰ 15 ਵੇਂ ਤੇ 16 ਵੇਂ ਰਾਜ ਬਣ ਗਏ ਹਨ ਜਿਨਾਂ ਨੇ ਹਾਲ ਹੀ ਵਿਚ ਸਿੱਖਾਂ ਬਾਰੇ ਪੜਾਈ ਨੂੰ ਸੋਸ਼ਲ ਸਟੱਡੀ ਦੀ ਕਿਤਾਬ ਵਿਚ ਸ਼ਾਮਿਲ ਕੀਤਾ ਹੈ। ਹੁਣ ਅਮਰੀਕਾ ਵਿਚ ਪੜਦੇ ਢਾਈ ਕਰੋੜ ਤੋਂ ਵਧ ਵਿਦਿਆਰਥੀ ਸਿੱਖਾਂ ਦੇ ਅਮੀਰ ਵਿਰਸੇ , ਸਿੱਖਾਂ ਦੀਆਂ ਰਵਾਇਤਾਂ ਤੇ ਕਦਰਾਂ-ਕੀਮਤਾਂ ਬਾਰੇ ਜਾਣੂ ਹੋ ਸਕਣਗੇ। ਨਵੇਂ ਘਟਨਾਕ੍ਰਮ ਦੇ ਸਿੱਟੇ ਵਜੋਂ ਉਟਾਹ ਵਿਚ ਪੜਦੇ 6,06000 ਵਿਦਿਆਰਥੀ ਤੇ ਮਿਸੀਸਿੱਪੀ ਵਿਚ ਪੜਦੇ ਅੰਦਾਜਨ 4,57000 ਵਿਦਿਆਰਥੀ ਸਿੱਖਾਂ ਬਾਰੇ ਪੜ ਸਕਣਗੇ। ਸਿੱਖ ਭਾਈਚਾਰੇ ਨੇ ਉਟਾਹ ਤੇ ਮਿਸੀਸਿੱਪੀ ਰਾਜਾਂ ਵੱਲੋਂ ਸਿੱਖਾਂ ਬਾਰੇ ਪੜਾਈ ਨੂੰ ਸਮਾਜਿਕ ਸਿੱਖਿਆ ਦੀ ਕਿਤਾਬ ਵਿਚ ਸ਼ਾਮਲ ਕਰਨ ਦਾ ਜੋਰਦਾਰ ਸਵਾਗਤ ਕੀਤਾ ਹੈ ਤੇ ਇਨਾਂ ਰਾਜਾਂ ਦਾ ਧਨਵਾਦ ਕੀਤਾ ਹੈ।

ਉਟਾਹ ਦੇ ਸਾਲਟਲੇਕ ਸ਼ਹਿਰ ਦੇ ਵਸਨੀਕ ਮਨਜੀਤ ਸਿੰਘ ਨੇ ਇਸ ਉਪਰ ਖੁਸ਼ੀ ਪਰਗਟ ਕਰਦਿਆਂ ਕਿਹਾ ਹੈ ਕਿ ਨਵੇਂ ਸਿੱਖਿਆ ਮਾਪਦੰਡਾਂ ਸਦਕਾ ਰਾਜ ਭਰ ਵਿਚ ਵਿਦਿਆਰਥੀ ਸਿੱਖਾਂ ਬਾਰੇ ਜਾਣ ਸਕਣਗੇ ਤੇ ਉਹ ਸਿੱਖਾਂ ਦੇ ਸ਼ਾਨਦਾਰ ਵਿਰਸੇ ਤੇ ਸਭਿਆਚਾਰ ਤੋਂ ਜਾਣੂ ਹੋ ਸਕਣਗੇ। ਉਨਾਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਸਿੱਖਇਜ਼ਮ ਵਿਸ਼ਵ ਦਾ 5ਵਾਂ ਵੱਡਾ ਧਰਮ ਹੈ ਤੇ ਸਿੱਖ ਭਾਈਚਾਰੇ ਨੇ ਪਿਛਲੀ ਇਕ ਸਦੀ ਦੇ ਵੀ ਵਧ ਸਮੇ ਤੋਂ ਅਮਰੀਕੀ ਸਮਾਜ ਖਾਸ ਕਰਕੇ ਮਨੁੱਖੀ ਅਧਿਕਾਰਾਂ, ਰਾਜਨੀਤੀ, ਖੇਤੀਬਾੜੀ, ਇੰਜੀਨੀਅਰਿੰਗ , ਡਾਕਟਰੀ ਤੇ ਹੋਰ ਖੇਤਰਾਂ ਵਿਚ ਆਪਣਾ ਯੋਗਦਾਨ ਪਾਇਆ ਹੈ। ਸਿੱਖ ਹਲਕਿਆਂ ਨੇ ਕਿਹਾ ਹੈ ਕਿ ਉਟਾਹ ਤੇ ਮਿਸੀਸਿੱਪੀ ਸਰਕਾਰਾਂ ਨੇ ਸਿੱਖਾਂ ਬਾਰੇ ਸਿੱਖਿਆ ਨੂੰ ਸਲੇਬਸ ਵਿਚ ਸ਼ਾਮਿਲ ਕਰਕੇ ਸਿੱਖ ਭਾਈਚਾਰੇ ਨੂੰ ਵੱਡਾ ਸਨਮਾਨ ਦਿੱਤਾ ਹੈ ਜਿਸ ਲਈ ਸਿੱਖ ਸਮਾਜ ਉਨਾਂ ਦਾ ਰਿਣੀ ਰਹੇਗਾ।

## ਓੜੀਸਾ ਵਿਚ ਦੋਸਤ ਦੀ ਮੌਤ ਤੋਂ ਬਾਅਦ ਰੂਸੀ ਸੈਲਾਨੀ ਦੀ ਹੋਟਲ ਦੀ ਤੀਜੀ ਮੰਜਲ ਤੋਂ ਡਿੱਗ ਕੇ ਮੌਤ

ਰਾਏਗੜਾ (ਓੜੀਸਾ), 26 ਦਸੰਬਰ (ਪੋਸਟ ਬਿਊਰੋ) - ਓੜੀਸਾ ਦੇ ਰਾਏਗੜਾ ਜ਼ਿਲੇ 'ਚ ਇਕ ਹੋਟਲ ਦੀ ਤੀਜੀ ਮੰਜਲ ਤੋਂ ਡਿੱਗ ਕੇ ਇਕ ਰੂਸੀ ਸੈਲਾਨੀ ਦੀ ਮੌਤ ਹੋ ਗਈ। ਉਸ ਦਾ ਦੋਸਤ ਦੋ ਦਿਨ ਪਹਿਲਾਂ ਮ੍ਰਿਤਕ ਪਾਇਆ ਗਿਆ ਸੀ। ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਉਸ ਨੇ ਦੱਸਿਆ ਕਿ 65 ਸਾਲਾ ਪਾਵੇਲ ਐਂਥੋਮ ਸਨੀਵਾਰ ਨੂੰ ਹੋਟਲ ਦੇ ਬਾਹਰ ਖੂਨ ਨਾਲ ਲੱਥਪੱਥ ਪਾਇਆ ਗਿਆ। ਪਾਵੇਲ ਦਾ ਸਹਿ-ਯਾਤਰੀ, ਵਲਾਦੀਮੀਰ ਬਿਦੇਨੋਵ, 22 ਦਸੰਬਰ ਨੂੰ ਉਸੇ ਹੋਟਲ ਵਿੱਚ ਮ੍ਰਿਤਕ ਪਾਇਆ ਗਿਆ ਸੀ। ਉਹ ਹੋਟਲ ਦੀ ਪਹਿਲੀ ਮੰਜਲ 'ਤੇ ਆਪਣੇ ਕਮਰੇ 'ਚ ਬੇਹੋਸੀ ਦੀ ਹਾਲਤ 'ਚ ਪਿਆ ਸੀ ਅਤੇ ਉਸ ਕੋਲ ਸਰਾਬ ਦੀਆਂ ਕੁਝ ਖਾਲੀ ਬੋਤਲਾਂ ਸਨ। ਜ਼ਿਲ੍ਹਾ ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪਾਵੇਲ ਦੀ ਮੌਤ 'ਤੇ ਇਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਇਹ ਖੁਦਕੁਸੀ ਦਾ ਮਾਮਲਾ ਜਾਪਦਾ ਹੈ।

ਪੁਲਸ ਨੇ ਕਿਹਾ ਕਿ ਉਹ ਪਾਵੇਲ ਦੀ ਮੌਤ ਦੀ ਸਾਰੇ ਪਹਿਲੂਆਂ ਤੋਂ ਜਾਂਚ ਕਰ ਰਹੇ ਹਨ, ਜਿਸ ਵਿੱਚ ਇਹ ਸੰਭਾਵਨਾ ਵੀ ਸਾਮਲ ਹੈ ਕਿ ਉਹ ਅਚਾਨਕ ਛੱਤ ਤੋਂ ਡਿੱਗ ਗਿਆ ਸੀ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਹ ਪਾਵੇਲ ਵੱਲੋਂ ਖੁਦਕੁਸੀ ਦਾ ਮਾਮਲਾ ਜਾਪਦਾ ਹੈ।

# ਪਾਕਿਸਤਾਨ ਦੇ ਤਾਲਿਬਾਨ ਸੰਗਠਨ ਨੇ ਬਲੋਚਿਸਤਾਨ 'ਚ ਕੀਤੇ ਕਈ ਹਮਲੇ, 6 ਸੁਰੱਖਿਆ ਕਰਮਚਾਰੀਆਂ ਦੀ ਮੌਤ




ਕਰਾਚੀ, 26 ਦਸੰਬਰ (ਪੋਸਟ ਬਿਊਰੋ) - ਅੱਤਵਾਦੀ ਸਮੂਹ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਨੇ ਪਿਛਲੇ ਦੋ ਦਿਨਾਂ ਵਿੱਚ ਅਸ਼ਾਂਤ ਬਲੋਚਿਸਤਾਨ ਸੂਬੇ ਵਿਚ ਕਈ ਹਮਲੇ ਕੀਤੇ, ਜਿਸ ਵਿੱਚ ਛੇ ਸੁਰੱਖਿਆ ਮੁਲਾਜਮ ਮਾਰੇ ਗਏ ਅਤੇ ਕੁਝ ਹੋਰ ਜਖਮੀ ਹੋ ਗਏ। ਪਾਕਿਸਤਾਨੀ ਫੌਜ ਦੇ ਮੀਡੀਆ ਵਿਭਾਗ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪਾਕਿਸਤਾਨੀ ਫੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਿਜ ਪਬਲਿਕ ਰਿਲੇਸਨਜ (ਆਈ.ਐੱਸ.ਪੀ.ਆਰ.) ਵੱਲੋਂ ਜਾਰੀ ਬਿਆਨ ਮੁਤਾਬਿਕ ਝੋਬ ਜ਼ਿਲੇ ਦੇ ਸਾਂਬਾਜਾ ਇਲਾਕੇ 'ਚ ਚਲਾਈ ਗਈ ਖੁਫੀਆ ਮੁਹਿੰਮ 'ਚ ਅੱਤਵਾਦੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਹੋਏ ਮੁਕਾਬਲੇ 'ਚ ਇਕ ਅੱਤਵਾਦੀ ਅਤੇ ਇਕ ਫੌਜੀ ਮਾਰਿਆ ਗਿਆ।

ਬਿਆਨ ਮੁਤਾਬਕ ਇਹ ਮੁਹਿੰਮ ਭਰੋਸੇਯੋਗ ਸੂਚਨਾ ਦੇ ਆਧਾਰ 'ਤੇ ਹੀ ਚਲਾਈ ਗਈ ਸੀ ਅਤੇ ਇਹ ਮੁਹਿੰਮ ਪਿਛਲੇ 96 ਘੰਟਿਆਂ ਤੋਂ ਜਾਰੀ ਹੈ। ਆਈਐਸਪੀਆਰ ਦੇ ਇੱਕ ਬਿਆਨ ਦੇ ਅਨੁਸਾਰ, ਆਪ੍ਰੇਸਨ ਦਾ ਉਦੇਸ 'ਅੱਤਵਾਦੀਆਂ ਨੂੰ ਪਾਕਿਸਤਾਨ-ਅਫਗਾਨਿਸਤਾਨ ਸਰਹੱਦ ਦੇ ਪਾਰ ਖੈਬਰ ਪਖਤੂਨਖਵਾ ਸੂਬੇ ਵਿੱਚ ਘੁਸਪੈਠ ਕਰਨ ਅਤੇ ਨਾਗਰਿਕਾਂ ਅਤੇ ਸੁਰੱਖਿਆ ਬਲਾਂ ਨੂੰ ਨਿਸਾਨਾ ਬਣਾਉਣ ਲਈ ਕੁਝ ਸੱਕੀ ਰਸਤਿਆਂ ਦੀ ਵਰਤੋਂ ਕਰਨ ਤੋਂ ਰੋਕਣਾ ਸੀ।'

# ਬਿਹਾਰ ਦੇ ਬੇਤੀਆ 'ਚ ਜਮੀਨੀ ਵਿਵਾਦ ਨੂੰ ਲੈ ਕੇ ਚੱਲੀ ਗੋਲੀ, 5 ਔਰਤਾਂ ਨੂੰ ਲੱਗੀਆਂ ਗੋਲੀਆਂ





ਪਟਨਾ, 26 ਦਸੰਬਰ (ਪੋਸਟ ਬਿਊਰੋ) - ਬਿਹਾਰ ਦੇ ਬੇਤੀਆ ਵਿੱਚ ਜਮੀਨੀ ਵਿਵਾਦ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਹੋਈ ਲੜਾਈ ਵਿੱਚ ਪੰਜ ਔਰਤਾਂ ਜਖਮੀ ਹੋ ਗਈਆਂ। ਜਾਣਕਾਰੀ ਮੁਤਾਬਕ ਇਸ ਦੌਰਾਨ ਜਬਰਦਸਤ ਗੋਲੀਬਾਰੀ ਵੀ ਹੋਈ। ਪੁਲਿਸ ਮੁਤਾਬਕ ਇਹ ਗੋਲੀਬਾਰੀ ਜਮੀਨ ਹਥਿਆਉਣ ਲਈ ਕੀਤੀ ਗਈ ਹੈ। ਗੋਲੀਬਾਰੀ ਦੀ ਸੂਚਨਾ ਮਿਲਦੇ ਹੀ ਬੇਤੀਆ ਦੇ ਐੱਸਪੀ ਉਪੇਂਦਰਨਾਥ ਵਰਮਾ ਅਤੇ ਸਦਰ ਦੇ ਐੱਸਡੀਪੀਓ ਮੁਕੁਲ ਪਰਿਮਲ ਪਾਂਡੇ ਮੌਕੇ 'ਤੇ ਪਹੁੰਚ ਗਏ। ਘਟਨਾ ਨੌਟਨ ਬਲਾਕ ਦੇ ਜਗਦੀਸਪੁਰ ਥਾਣਾ ਖੇਤਰ ਦੇ ਅਧੀਨ ਪੈਂਦੇ ਪਿੰਡ ਨਕਤੀ ਪਟੇਰਵਾ ਦੀ ਹੈ। ਜਿੱਥੇ ਪਰਚਾਧਾਰੀ ਜਮੀਨ ਦੇ ਕਬਜੇ ਨੂੰ ਲੈ ਕੇ ਦੋਵੇਂ ਧਿਰਾਂ ਆਪਸ ਵਿੱਚ ਭਿੜ ਗਈਆਂ। ਜਖਮੀਆਂ ਦੇ ਰਿਸਤੇਦਾਰਾਂ ਦੀ ਮੰਨੀਏ ਤਾਂ ਇਹ ਜਮੀਨ 1985 ਵਿੱਚ ਸਰਕਾਰ ਵੱਲੋਂ ਗਰਾਂਟ ਵਜੋਂ ਦਿੱਤੀ ਗਈ ਸੀ।

ਉਸ ਸਮੇਂ ਤੋਂ ਇਹ ਮਾਮਲਾ ਅਦਾਲਤ ਵਿੱਚ ਚੱਲ ਰਿਹਾ ਸੀ। ਜਿਸ ਵਿੱਚ ਇੱਕ ਧਿਰ ਦਾ ਕਹਿਣਾ ਹੈ ਕਿ ਅਦਾਲਤ ਨੇ ਉਸਦੇ ਹੱਕ ਵਿੱਚ ਫੈਸਲਾ ਦਿੱਤਾ ਹੈ। ਇਸ ਦੇ ਬਾਵਜੂਦ ਦੂਜੇ ਪਾਸੇ ਦੇ ਪਿੰਡ ਨਕਤੀ ਪੱਤੜਵਾ ਦਾ ਰਹਿਣ ਵਾਲਾ ਸ਼ਿਸ਼ੀਰ ਦੂਬੇ ਜਬਰਦਸਤੀ ਟਰੈਕਟਰ ਲੈ ਕੇ ਉਸ ਜਮੀਨ 'ਤੇ ਪਹੁੰਚ ਗਿਆ ਅਤੇ ਜਮੀਨ ਵਾਹੁਣ ਲੱਗਾ। ਜਿਸ ਤੋਂ ਇਨਕਾਰ ਕਰਨ ਲਈ ਪਹਿਲੀ ਧਿਰ ਦੇ ਲੋਕ ਮੈਦਾਨ ਵਿੱਚ ਆ ਗਏ। ਇਸ ਲਈ ਦੂਜੇ ਪਾਸੇ ਦੇ ਸ਼ਿਸ਼ੀਰ ਦੂਬੇ ਵੱਲੋਂ ਅੰਨ੍ਹੇਵਾਹ ਗੋਲੀਬਾਰੀ ਕੀਤੀ ਗਈ। ਜਿਸ 'ਚ ਜਗਦੀਸਪੁਰ ਥਾਣਾ ਖੇਤਰ ਦੇ ਪਿੰਡ ਨਕਤੀ ਪਾਤਰਵਾ ਦੀ ਰਹਿਣ ਵਾਲੀ ਚੰਦਾ ਦੇਵੀ, ਬਬੀਤਾ ਦੇਵੀ, ਸਨੀਖਾ ਦੇਵੀ, ਮੰਜੂ ਦੇਵੀ, ਅੰਮ੍ਰਿਤਾ ਦੇਵੀ ਨੂੰ ਗੋਲੀ ਲੱਗੀ ਹੈ। ਸਾਰੇ ਜਖਮੀਆਂ ਦਾ ਇਲਾਜ ਬੇਤੀਆ ਹਸਪਤਾਲ ਵਿੱਚ ਚੱਲ ਰਿਹਾ ਹੈ।

# ਯੂਨੀਵਰਸਿਟੀ ਦੀ ਪੜ੍ਹਾਈ 'ਤੇ ਪਾਬੰਦੀ ਤੋਂ ਬਾਅਦ ਅਫਗਾਨ ਔਰਤਾਂ ਨੇ ਕਿਹਾ, 'ਇਹ ਚੰਗਾ ਹੁੰਦਾ ਜੇ ਮੇਰਾ ਸਿਰ ਕਲਮ ਕਰ ਦਿੱਤਾ ਜਾਂਦਾ.'

ਕਾਬੁਲ, 26 ਦਸੰਬਰ (ਪੋਸਟ ਬਿਊਰੋ) - ਮਾਰਵਾ ਕੁਝ ਮਹੀਨਿਆਂ ਵਿੱਚ ਯੂਨੀਵਰਸਿਟੀ ਜਾਣ ਵਾਲੀ ਸੀ, ਅਜਿਹਾ ਕਰਨ ਵਾਲੀ ਆਪਣੇ ਅਫਗਾਨ ਪਰਿਵਾਰ ਦੀ ਪਹਿਲੀ ਔਰਤ ਸੀ, ਪਰ ਹੁਣ ਉਹ ਆਪਣੇ ਭਰਾ ਨੂੰ ਉਸ ਤੋਂ ਬਿਨਾਂ ਯੂਨੀਵਰਸਿਟੀ ਜਾਂਦੀ ਵੇਖੇਗੀ। ਤਾਲਿਬਾਨ ਦੇ ਕੰਟ੍ਰੋਲ ਵਾਲੇ ਅਫਗਾਨਿਸਤਾਨ ਵਿਚ ਹੁਣ ਔਰਤਾਂ ਨੂੰ ਯੂਨੀਵਰਸਿਟੀ ਵਿਚ ਪੜ੍ਹਨ ਲਈ ਜਾਣ 'ਤੇ ਪਾਬੰਦੀ ਹੈ। ਇੱਥੇ ਪਿਛਲੇ ਇਕ ਸਾਲ ਤੋਂ ਲਗਾਤਾਰ ਉਨ੍ਹਾਂ ਦੀ ਆਜਾਦੀ ਖੋਹੀ ਜਾ ਰਹੀ ਹੈ। ਮਾਰਵਾ ਨੇ ਦੱਸਿਆ, "ਜੇਕਰ ਉਸਨੇ ਔਰਤਾਂ ਦਾ ਸਿਰ ਕਲਮ ਕਰਨ ਦਾ ਹੁਕਮ ਦਿੱਤਾ ਹੁੰਦਾ, ਤਾਂ ਇਹ ਵੀ ਇਸ ਪਾਬੰਦੀ ਨਾਲੋਂ ਬਿਹਤਰ ਹੁੰਦਾ।"

ਉਸ ਨੇ ਕਿਹਾ, "ਜੇ ਅਸੀਂ ਇੰਨੇ ਬਦਕਿਸਮਤ ਹਾਂ, ਕਾਸ਼ ਅਸੀਂ ਕਦੇ ਪੈਦਾ ਨਾ ਹੋਏ ਹੁੰਦੇ। ਮੈਨੂੰ ਦੁਨੀਆ ਵਿੱਚ ਆਪਣੀ ਹੋਂਦ 'ਤੇ ਤਰਸ ਆਉਂਦਾ ਹੈ। ਸਾਡੇ ਨਾਲ ਜਾਨਵਰਾਂ ਤੋਂ ਵੀ ਮਾੜਾ ਸਲੂਕ ਕੀਤਾ ਜਾ ਰਿਹਾ ਹੈ। ਜਾਨਵਰ ਆਪਣੇ ਤੌਰ 'ਤੇ ਕਿਤੇ ਵੀ ਜਾ ਸਕਦੇ ਹਨ, ਪਰ ਅਸੀਂ ਕੁੜੀਆਂ ਨਹੀਂ। ਸਾਨੂੰ ਘਰਾਂ ਤੋਂ ਬਾਹਰ ਨਿਕਲਣ ਦਾ ਵੀ ਅਧਿਕਾਰ ਹੈ।'

ਮਾਰਵਾ (19) ਨੇ ਹਾਲ ਹੀ ਵਿੱਚ ਮਾਰਚ ਵਿੱਚ ਅਫਗਾਨਿਸਤਾਨ ਦੀ ਰਾਜਧਾਨੀ ਵਿੱਚ ਇੱਕ ਮੈਡੀਕਲ ਯੂਨੀਵਰਸਿਟੀ ਵਿੱਚ ਨਰਸਿੰਗ ਦੀ ਡਿਗਰੀ ਸ਼ੁਰੂ ਕਰਨ ਲਈ ਇਕ ਦਾਖਲਾ ਪ੍ਰੀਖਿਆ ਪਾਸ ਕੀਤੀ ਸੀ।

ਕਾਬੁਲ ਦੇ ਇੱਕ ਉੱਚ ਸਿੱਖਿਆ ਸੰਸਥਾਨ ਵਿੱਚ ਬਿਜਨਸ ਐਡਮਿਨਿਸਟ੍ਰੇਸਨ ਦੇ ਵਿਦਿਆਰਥੀ, 20 ਸਾਲਾ ਹਾਮਿਦ ਨੇ ਕਿਹਾ, "ਮੈਂ ਚਾਹੁੰਦਾ ਸੀ ਕਿ ਮੇਰੀ ਭੈਣ ਮੇਰੇ ਨਾਲ ਆਪਣੇ ਸੁਪਨਿਆਂ ਨੂੰ ਪੂਰਾ ਕਰੇ ਤਾਂ ਕਿ ਉਹ ਕਾਮਯਾਬ ਹੋਣ ਅਤੇ ਅੱਗੇ ਵਧੇ।" ਉਸਨੇ ਕਈ ਮੁਸ਼ਕਲਾਂ ਦੇ ਬਾਵਜੂਦ 12ਵੀਂ ਜਮਾਤ ਤੱਕ ਪੜ੍ਹਾਈ ਕੀਤੀ, ਪਰ ਹੁਣ ਅਸੀਂ ਕੀ ਕਹੀਏ?"

# ਗੁਜਰਾਤ ਵਿਚ ਨੌਕਰੀ ਤੋਂ ਕੱਢੇ ਜਾਣ ਤੋਂ ਨਰਾਜ਼ ਵਿਅਕਤੀ ਨੇ ਫਰਮ ਮਾਲਕ, ਪਿਤਾ ਅਤੇ ਚਾਚੇ ਦਾ ਕੀਤਾ ਕਤਲ

ਸੂਰਤ, 26 ਦਸੰਬਰ (ਪੋਸਟ ਬਿਊਰੋ) - ਗੁਜਰਾਤ ਦੇ ਸੂਰਤ ਵਿਚ ਨੌਕਰੀ ਤੋਂ ਕੱਢੇ ਜਾਣ ਤੋਂ ਨਾਰਾਜ ਇਕ ਵਿਅਕਤੀ ਅਤੇ ਉਸਦੇ ਸਾਥੀ ਨੇ ਐਤਵਾਰ ਨੂੰ ਇੱਕ ਕਢਾਈ ਫਰਮ ਦੇ ਮਾਲਕ, ਉਸਦੇ ਪਿਤਾ ਅਤੇ ਚਾਚੇ ਦੀ ਕਥਿਤ ਤੌਰ 'ਤੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਤੀਹਰਾ ਕਤਲ ਸੂਰਤ ਸ਼ਹਿਰ ਦੇ ਅਮਰੋਲੀ ਇਲਾਕੇ ਦੇ ਅੰਜਨੀ ਉਦਯੋਗਿਕ ਖੇਤਰ ਵਿੱਚ ਸਥਿਤ ਵੇਦਾਂਤਾ ਟੈਕਸੋ ਕੰਪਨੀ ਵਿੱਚ ਹੋਇਆ ਹੈ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸੂਰਤ ਪੁਲਿਸ ਨੇ ਦੋਵਾਂ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਮਾਮਲੇ ਦੀ ਜਾਂਚ ਲਈ ਇੱਕ ਵਿਸੇਸ ਜਾਂਚ ਟੀਮ (ਐਸਆਈਟੀ) ਦਾ ਗਠਨ ਕੀਤਾ ਗਿਆ ਹੈ।

ਪੁਲਿਸ ਦੇ ਡਿਪਟੀ ਕਮਿਸਨਰ (ਜੋਨ 5) ਹਰਸਦ ਮਹਿਤਾ ਨੇ ਕਿਹਾ, 'ਮੁਲਜ਼ਮ ਅਤੇ ਉਸਦਾ ਸਾਥੀ ਐਤਵਾਰ ਸਵੇਰੇ ਫਰਮ ਵਿੱਚ ਆਏ ਅਤੇ ਇਸਦੇ ਮਾਲਕ, ਉਸਦੇ ਪਿਤਾ ਅਤੇ ਚਾਚੇ ਨੂੰ ਚਾਕੂ ਮਾਰ ਕੇ ਮਾਰ ਦਿੱਤਾ।" ਮ੍ਰਿਤਕਾਂ ਦੀ ਪਛਾਣ ਕਲਪੇਸ ਢੋਲਕੀਆ (36), ਧਨਜੀ ਢੋਲਕੀਆ (61) ਅਤੇ ਘਨਸ਼ਿਆਮ ਰਾਜੋਦੀਆ (48) ਵਜੋਂ ਹੋਈ ਹੈ। ਪੁਲਿਸ ਦੇ ਡਿਪਟੀ ਕਮਿਸਨਰ ਨੇ ਕਿਹਾ, "ਇਹ ਘਟਨਾ ਕਢਾਈ ਫਰਮ ਦੇ ਮਾਲਕ ਅਤੇ ਉਸ ਦੇ ਕਰਮਚਾਰੀ ਵਿਚਕਾਰ ਝਗੜੇ ਤੋਂ ਬਾਅਦ ਹੋਈ। ਮੁਲਜਮਾਂ ਤੋਂ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਫੈਕਟਰੀ ਮਾਲਕ ਨੇ ਇਸ ਵਿਅਕਤੀ ਨੂੰ 10 ਦਿਨ ਪਹਿਲਾਂ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ, ਕਿਉਂਕਿ ਉਹ ਰਾਤ ਦੀ ਡਿਊਟੀ ਦੌਰਾਨ ਸੁੱਤਾ ਪਿਆ ਸੀ। ਇਸ ਦੌਰਾਨ ਉਨ੍ਹਾਂ ਵਿਚਕਾਰ ਗਰਮਾ-ਗਰਮ ਬਹਿਸ ਹੋ ਗਈ। ਜਿਸ ਦਾ ਬਦਲਾ ਲੈਣ ਲਈ ਉਨ੍ਹਾਂ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ।

# ਕੋਵਿਡ ਦੀ 'ਸੁਨਾਮੀ' ਨਾਲ ਜੂਝ ਰਿਹਾ ਚੀਨ, ਜਨਵਰੀ 'ਚ ਵਧ ਸਕਦੇ ਹਨ ਅੰਕੜੇ



ਬੀਜਿੰਗ, 26 ਦਸੰਬਰ (ਪੋਸਟ ਬਿਊਰੋ) - ਕੋਰੋਨ ਵਾਇਰਸ ਅਤੇ ਇਸ ਨਾਲ ਪੈਦਾ ਹੋਣ ਵਾਲੀ ਬਿਮਾਰੀ, ਕੋਵਿਡ, ਪੂਰੇ ਚੀਨ ਵਿੱਚ ਲਗਾਤਾਰ ਫੈਲਦੀ ਜਾ ਰਹੀ ਹੈ, ਹਰ ਸ਼ਹਿਰ ਅਤੇ ਪ੍ਰਾਂਤ ਵਿਚ ਰੋਜ਼ਾਨਾ ਲੱਖਾਂ ਨਵੇਂ ਕੇਸ ਸਾਹਮਣੇ ਆ ਰਹੇ ਹਨ, ਜੋ ਕਿ ਅਧਿਕਾਰਤ ਅੰਕੜਿਆਂ ਤੋਂ ਕਿਤੇ ਵੱਧ ਹਨ, ਅਤੇ ਇਹ ਸੰਕੇਤ ਦਿੰਦਾ ਹੈ ਕਿ ਕੋਵਿਡ ਦਾ ਫੈਲਾਅ ਜਨਵਰੀ ਵਿੱਚ ਇਸ ਦੇ ਸਿਖਰ 'ਤੇ ਹੋਵੇਗਾ।

ਇਕ ਰਿਪੋਰਟ ਅਨੁਸਾਰ ਚੀਨ ਦੇ ਚੋਟੀ ਦੇ ਸਿਹਤ ਰੈਗੂਲੇਟਰ ਨੈਸਨਲ ਹੈਲਥ ਕਮਿਸ਼ਨ ਨੇ ਐਤਵਾਰ ਨੂੰ ਕਿਹਾ ਕਿ ਉਹ ਰੋਜ਼ਾਨਾ ਕੋਵਿਡ ਨਿਗਰਾਨੀ ਡੇਟਾ ਪ੍ਰਕਾਸ਼ਿਤ ਕਰਨਾ ਬੰਦ ਕਰ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਚੀਨ ਵਲੋਂ ਜੀਰੋ ਕੋਵਿਡ ਨੀਤੀ ਤੋਂ ਪਿੱਛੇ ਹਟਣ ਤੋਂ ਬਾਅਦ ਕੋਵਿਡ ਨਿਗਰਾਨੀ ਡੇਟਾ ਬਿਮਾਰੀ ਦੇ ਵਿਸਫੋਟਕ ਫੈਲਾਅ ਨੂੰ ਘੱਟ ਦਿਖਾ ਰਿਹਾ ਹੈ।

140 ਕਰੋੜ ਦੀ ਆਬਾਦੀ ਵਾਲੇ ਦੇਸ਼ ਵਿਚ ਕੋਰੋਨਾ ਦੇ ਫੈਲਣ ਦੇ ਅਸਲ ਅੰਕੜੇ ਪਤਾ ਨਹੀਂ ਹਨ ਅਤੇ ਇਸ ਕਾਰਨ ਇਹ ਜਾਣਨਾ ਮੁਸ਼ਕਲ ਹੈ ਕਿ ਇਸ ਦਾ ਅਰਥਚਾਰੇ 'ਤੇ ਕਿੰਨਾ ਬੁਰਾ ਅਸਰ ਪਵੇਗਾ। ਓਮੀਕਰੋਨ ਵੇਰੀਐਂਟ ਹੁਣ ਪੂਰੇ ਦੇਸ ਵਿਚ ਫੈਲ ਰਿਹਾ ਹੈ, ਦੱਖਣ ਦੇ ਵੱਡੇ ਸ਼ਹਿਰਾਂ ਵਿੱਚ ਮਹੱਤਵਪੂਰਨ ਵਾਧੇ ਦੇ ਨਾਲ, ਬੀਜਿੰਗ ਅਤੇ ਹਸਪਤਾਲਾਂ ਦੀ ਭੀੜ-ਭੜੱਕੇ ਦੇ ਨਾਲ ਵਿਆਪਕ ਸੰਕਰਮਣ ਫੈਲ ਰਿਹਾ ਹੈ।

ਪੂਰਬੀ ਪ੍ਰਾਂਤ ਝੇਜਿਆਂਗ, ਜੋ ਕਿ ਇੱਕ ਨਿਰਮਾਣ ਅਤੇ ਤਕਨੀਕੀ ਹੱਬ ਮੰਨਿਆ ਜਾਂਦਾ ਹੈ, ਵਿਚ ਰੋਜ਼ਾਨਾ ਲਾਗ ਦੇ ਅੰਦਾਜਨ 10 ਲੱਖ ਮਾਮਲੇ ਸਾਹਮਣੇ ਆ ਰਹੇ ਹਨ। ਸਥਾਨਕ ਅਧਿਕਾਰੀਆਂ ਨੇ ਐਤਵਾਰ ਨੂੰ ਇਕ ਬ੍ਰੀਫਿੰਗ ਵਿਚ ਦੱਸਿਆ ਕਿ ਜਨਵਰੀ ਦੇ ਦੂਜੇ ਅੱਧ ਵਿੱਚ ਕੁਝ ਸੁਧਾਰ ਦੇ ਨਾਲ ਇਹ ਅੰਕੜਾ ਹੁਣ ਤੋਂ ਦੋ ਹਫਤਿਆਂ ਵਿਚ ਦੁੱਗਣਾ ਹੋ ਸਕਦਾ ਹੈ।

